# ਧੁੱਪ ਦਾ ਆਕਾਰ

"ਕਰਾਂ ਸਮਰਪਿਤ ਤੈਨੂੰ, ਮੈਂ ਦੋ ਹੰਝੂ
ਵਾਂਗ ਸਮੁੰਦਰ ਛਲਕਣ ਦੀ ਮੈਨੂੰ ਆਦਤ ਨਹੀਂ...।"

# ਧੁੱਪ ਦਾ ਆਕਾਰ

**ਸਿਮਰਜੀਤ 'ਜੱਸੀ'**

*Poetry/Punjabi Poetry*

ISBN No. 978-93-5017-826-3
Price : 140/-
Page : 86

**Dhup da Aakaar**

*By*

**Simerjeet 'Jassi'**
H. No. 1120, Sunny Enclave
Mundi Kharar
Mobile: 7837200430
E-mail: sjksran@gmail.com

2012
Published by Lokgeet Parkashan
S.C.O. 26-27, Sector 34 A, Chandigarh-160022
India
Ph.0172-5077427, 5077428
Punjabi Bhawan Ludhiana, 98154-71219
Type Setting & Design PCIS
Printed & bound at Unistar Books (Printing Unit)
11-A, Industrial Area, Phase-2, Chandigarh (India)
98154-71219

*© 2012*
*Produced and bound in India*

*All rights reserved*
*This book is sold subject to the condition that it shall not, by way of trade or otherwise, be lent, resold, hired out, or otherwise circulated without the publisher's prior written consent in any form of binding or cover other than that in which it is published and without a similar condition including this condition being imposed on the subsequent purchaser and without limiting the rights under copyright reserved above, no part of this publication may be reproduced, stored in or introduced into a retrieval system, or transmitted in any form or by any means(electronic, mechanical, photocopying, recording or otherwise), without the prior written permission of both the copyright owner and the above-mentioned publisher of this book.*

## ਸਮਰਪਿਤ

ਆਪਣੇ ਮੰਮੀ-ਪਾਪਾ ਨੂੰ,
ਜਿਨ੍ਹਾਂ ਦੀ ਬਦੌਲਤ ਅੱਜ ਇਸ
ਮੁਕਾਮ 'ਤੇ ਹਾਂ

# ਤਤਕਰਾ


| | |
|---|---|
| ✵ ਸਹਿਮੇ ਪਲ | 9 |
| ✵ ਤਕੜੇ ਜੇਰੇ ਦੇ ਲੋਕ | 10 |
| ✵ ਗਜ਼ਲ | 11 |
| ✵ ਸਾਦਗੀ ਦੀ ਲੋੜ | 12 |
| ✵ ਅਚਾਨਕ | 13 |
| ✵ ਗਜ਼ਲ | 18 |
| ✵ ਆਨੰਦ ਤੇ ਖੁਸ਼ੀ | 19 |
| ✵ ਭਟਕਣ | 22 |
| ✵ ਗ਼ਜ਼ਲ | 24-25 |
| ✵ ਰੂਹ ਦਾ ਹਾਣ | 26 |
| ✵ ਟੋਟਾ ਟੁੱਟੀ ਵੰਗ ਦਾ | 27 |
| ✵ ਅਧੂਰਾ ਚਾਅ | 28 |
| ✵ ਗ਼ਜ਼ਲ | 29-32 |
| ✵ ਇਕ ਪੁਲ਼ | 33 |
| ✵ ਗਜ਼ਲ | 35-37 |
| ✵ ਰਾਹਨੁਮਾ | 38 |
| ✵ ਗ਼ਜ਼ਲ | 39-43 |
| ✵ ਆਥਣਾਂ ਦਾ ਘਰ | 44 |
| ✵ ਅੱਖਰ | 46 |
| ✵ ਮੇਰੇ ਨਾਲ ਤੁਰੀਂ | 47 |
| ✵ ਪ੍ਰੀਤ ਕਹਾਣੀ | 48 |
| ✵ ਗ਼ਜ਼ਲ | 49-50 |
| ✵ ਮੈਨੂੰ ਕਵਿਤਾ ਛੂਹ ਲੈਂਦੀ ਹੈ | 51 |
| ✵ ਗ਼ਜ਼ਲ | 53 |
| ✵ ਕੁਝ ਅਣਕਿਹਾ | 54 |
| ✵ ਮੁਰਾਦ | 55 |
| ✵ ਤੇਰਾ ਅਹਿਸਾਸ | 56 |
| ✵ ਗ਼ਜ਼ਲ | 58 |
| ✵ ਸਾਲਾਂ ਬਾਦ... | 59 |
| ✵ ਗ਼ਜ਼ਲ | 60 |
| ✵ ਮੁਰਾਦਾਂ | 61 |

* ਗ਼ਜ਼ਲ 62-65
* ਵੇ ਸੱਜਣਾ 66
* ਦਰਗਾਹੀ ਦੀਵਾ 68
* ਗ਼ਜ਼ਲ 69-74
* ਕਿਥੇ ਚਾਅ ਨੇ ਗਏ 75
* ਗ਼ਜ਼ਲ 76
* ਮੇਰੇ ਗੀਤ 77
* ਗ਼ਜ਼ਲ 78
* ਆਖਰੀ ਅਲਵਿਦਾ 79
* ਅਦਨਾ ਜਿਹਾ ਬੰਦਾ 80
* ਗਜ਼ਲ 82-83
* ਰੱਬ ਦੀ ਨੀਲਾਮੀ 84
* ਸੁੱਚੀ ਉਦਾਸੀ 85
* ਸ਼ਿਅਰ 86

## ਸਹਿਮੇ ਪਲ

ਸਹਿਮੇ ਜਿਹੇ ਪਲਾਂ ਦੀ
ਦਾਸਤਾਂ ਤਾਂ ਲਿਖ ਦਿਆਂ...
ਉਸ ਅੰਬਰ ਮਾਪਣ ਵਾਲੇ ਦੀਆਂ
ਹਸਰਤਾਂ ਤਾਂ ਲਿਖ ਦਿਆਂ...
ਫਿਰ ਤੁਰ ਪਵਾਂਗੇ ਨਾਲ,
ਤੇਰੇ ਕਾਫਿਲੇ ਦੇ,
ਉਹਦੇ ਨਕਸ਼ ਜਿਹੀਆਂ ਕੁਝ
ਸਤਰਾਂ ਤਾਂ ਲਿਖ ਦਿਆਂ...

ਉਹਦੀ ਚੁੱਪ ਵਰਗਾ ਕੋਈ
ਮੈਂ ਵਾਕ ਕਹਿ ਦੇਵਾਂ,
ਤੇ ਉਹ ਕਿੰਨਾ ਕੁ ਹੈ ਡੂੰਘਾ,
ਪਰਤਾਂ ਤਾਂ ਲਿਖ ਦਿਆਂ...

ਮੈਂ ਅਸੂਲਾਂ ਤੇ ਹਾਲਾਤ ਨੂੰ
ਉਹਦੇ ਅੱਗੇ ਨਾ ਧਰਿਆ
ਤੇ ਉਹ ਲਾਉਂਦਾ ਹੈ
ਪਿਆਰ 'ਚ ਜਿਹੜੀਆਂ
ਸ਼ਰਤਾਂ ਤਾਂ ਲਿਖ ਦਿਆਂ...

***

## ਤਕੜੇ ਜੇਰੇ ਦੇ ਲੋਕ

ਜੋ ਸਮੇਂ ਦੇ ਨਾਲ ਤੁਰਦਾ,
ਅਸੀਂ ਉਸ ਕਾਫਿਲੇ ਦੇ ਲੋਕ ਆਂ...
ਅਸੂਲਾਂ 'ਤੇ ਚਾਹੁੰਦੇ ਜਿਉਣਾ,
ਤੇ ਇਸੇ ਫਲਸਫੇ ਦੇ ਲੋਕ ਆਂ...

ਤੇਰੇ ਸ਼ਹਿਰ ਦੀ ਜਿਸ ਗਲੀ 'ਚ
ਚਾਨਣਾਂ ਦਾ ਦੌਰ ਹੈ,
ਉਸ ਗਲੀ ਦੇ ਅਖੀਰ 'ਤੇ,
ਫੈਲੇ ਅਸੀਂ ਹਨੇਰੇ ਦੇ ਲੋਕ ਆਂ...

ਸੂਰਜ ਦੀ ਦੌੜ ਵਿੱਚ
ਸਾਡੇ ਜੁਗਨੂੰ ਵੀ ਨੇ ਸ਼ਾਮਿਲ
ਤੇ ਜੋ ਉਮੀਦਾਂ ਵਿੱਚ ਉੱਗਣ
ਅਸੀਂ ਉਸ ਸਵੇਰੇ ਦੇ ਲੋਕ ਆਂ...
ਹਰ ਵਾਰ ਭੀੜਾਂ ਵਿੱਚ
ਹੁਣ ਗੁੰਮ ਨਹੀਂ ਜਾਣਾ,
ਅਸੀਂ ਰਾਹਾਂ ਬਣਾਉਣ ਵਾਲੇ
ਸਫਰ ਲੰਮੇਰੇ ਦੇ ਲੋਕ ਆਂ...

ਰੰਜਿਸ਼ ਤਾਂ ਬੜੀ ਹੈ
ਤੇਰੇ ਫੋਕੇ ਦਾਵਿਆਂ ਤੇ,
ਪਰ ਟੁੱਟਣ ਵਾਲੇ ਨਹੀਂ,
ਤਕੜੇ ਜੇਰੇ ਦੇ ਲੋਕ ਆਂ...।

***

## ਗਜ਼ਲ

ਉਹਨੇ ਹੱਥ ਧਰਿਆ ਤੇ ਜ਼ਖਮ ਅੱਲੇ ਹੋ ਗਏ
ਜ਼ਿੰਦਗੀ ਦੇ ਮੋੜ ’ਤੇ ਫਿਰ ਇਕੱਲੇ ਹੋ ਗਏ।

ਮੌਸਮਾਂ ਦੀ ਗੱਲ ਤੇ ਉਹ ਜਾਰੋ-ਜਾਰ ਰੋ ਪਿਆ,
ਮੇਰੀ ਚੁੰਨੀ ਦੇ ਖਾਲੀ ਤਦ ਸਾਰੇ ਪੱਲੇ ਹੋ ਗਏ!

ਮੈਂ ਸੱਚ ਬੋਲਿਆ ਤਾਂ ਸਜਾ ਸੀ ਬੇਰੁਖੀ,
ਉਹ ਝੂਠ ਬੋਲਿਆ, ਸਭ ਉਸਦੇ ਵੱਲੇ ਹੋ ਗਏ!

ਉਹ ਆਦਮੀ ਦੀ ਤੋਰ, ਤੁਰਦਾ ਨਹੀਂ ਹੁਣ ਤਾਂ,
ਰੱਬ ਵਾਂਗ ਉਸਦੇ ਮਿਜਾਜ ਅਵੱਲੇ ਹੋ ਗਏ!

ਦੇਖ ਤੇਰੇ ਮਨ ਦੀ ਟੀਸ, ਸੁਣਨ ਲਈ ‘ਸਿੰਮੀ’
ਅੰਬਰ, ਚੰਨ, ਤਾਰੇ ਤੇ ਸੂਰਜ ਵੀ ਥੱਲੇ ਹੋ ਗਏ!

***

## ਸਾਦਗੀ ਦੀ ਲੋੜ

ਜ਼ਿੰਦਗੀ ਤੋਂ ਹਾਰਿਆਂ ਨੂੰ
ਮੌਸਮਾਂ ਬੇਚਾਰਿਆਂ ਨੂੰ
ਇੱਕ ਘੁੱਟ ਭਰ ਤਾਜਗੀ ਦੀ ਲੋੜ ਹੈ…
ਸਾਨੂੰ ਫਿਰ ਤੇਰੀ ਸਾਦਗੀ ਦੀ ਲੋੜ ਹੈ…

ਰਾਤਾਂ ਦਿਆਂ ਫਿਕਰਾਂ ਨੂੰ
ਤੇਰਿਆਂ ਹੀ ਜ਼ਿਕਰਾਂ ਨੂੰ,
ਮੁੱਕ ਚਲੇ ਹੰਝੂਆਂ ਤੇ,
ਪੱਲੇ ਪਏ ਹਿਜ਼ਰਾਂ ਨੂੰ,
ਸੱਚੇ ਦਿਲੋਂ ਕੀਤੀ ਇੱਕ ਬੰਦਗੀ ਦੀ ਲੋੜ ਹੈ…
ਸਾਨੂੰ ਫਿਰ ਤੇਰੀ ਸਾਦਗੀ ਦੀ ਲੋੜ ਹੈ…

ਜ਼ਿੰਦਗੀ ਦੇ ਹਾਦਸੇ ਨੂੰ,
ਗਮਾਂ ਵਾਲੇ ਕਾਫਲੇ ਨੂੰ,
ਦੂਰ ਦੇਸ ਰਹਿੰਦਿਆਂ ਨੂੰ,
ਸਾਨੂੰ ਭੁੱਲੇ ਦੋਸਤਾਂ ਨੂੰ,
ਹੌਸਲੇ ਤੇ ਝੂਠੀ ਨਰਾਜ਼ਗੀ ਦੀ ਲੋੜ ਹੈ…
ਸਾਨੂੰ ਫਿਰ ਤੇਰੀ ਸਾਦਗੀ ਦੀ ਲੋੜ ਹੈ…

ਰੂਹ ਦਿਆਂ ਹਾਣੀਆਂ ਨੂੰ
ਪਿੰਡ ਵਾਲੇ ਪਾਣੀਆਂ ਨੂੰ
ਸੰਝ-ਤ੍ਰਿਕਾਲਾਂ ਤਾਈਂ
ਛੇੜੀਆਂ  ਕਹਾਣੀਆਂ ਨੂੰ,
ਅੱਜ ਫਿਰ ਮੇਰੀ ਮੌਜੂਦਗੀ ਦੀ ਲੋੜ ਹੈ,
ਸਾਨੂੰ ਫਿਰ ਤੇਰੀ ਸਾਦਗੀ ਦੀ ਲੋੜ ਹੈ…

ਰੁੱਤਾਂ ਤੇ ਬਹਾਰਾਂ ਨੂੰ,
ਕਮਲੇ ਜਿਹੇ ਯਾਰਾਂ ਨੂੰ,
ਤੇਰੇ ਖੁੱਲ੍ਹੇ ਹਾਸਿਆਂ ਨੂੰ
ਤੇ ਟੁੱਟੇ ਜਿਹੇ ਕਰਾਰਾਂ ਨੂੰ…
ਨਦੀਆਂ ਦੇ ਪਾਣੀ ਵਾਂਗ ਰਵਾਨਗੀ ਦੀ ਲੋੜ ਹੈ
ਸਾਨੂੰ ਫਿਰ ਤੇਰੀ ਦੀਵਾਨਗੀ ਦੀ ਲੋੜ ਹੈ…
ਸਾਨੂੰ ਫਿਰ ਤੇਰੀ ਸਾਦਗੀ ਦੀ ਲੋੜ ਹੈ…

## ਅਚਾਨਕ

ਸਰਸਰੀ ਜਿਹੀ ਨਿਗ੍ਹਾ
ਤੱਕਦੀ ਪਈ ਹੈ
ਦੁਨੀਆਂ ਦੀ ਭੀੜ ਵਿੱਚੋਂ
ਉਹ ਚਿਹਰਾ...
ਜਿਸਨੂੰ ਵਿਛੜਿਆਂ
ਵਰ੍ਹੇ ਬੀਤੇ
ਬੋਲ ਸੁਣੇ ਨੂੰ
ਸਦੀਆਂ ਹੋਈਆਂ
ਪਰ ਫਿਰ ਵੀ
ਉਹ ਅਹਿਸਾਸ ਜਿਹਾ ਬਣਕੇ
ਅਜੇ ਵੀ ਸੀਨੇ 'ਚ
ਕਿਤੇ ਨਾ ਕਿਤੇ
ਮੌਜੂਦ ਰਹਿੰਦਾ ਹੈ...

ਭੀੜ ਏਨੀ ਕਿ
ਮੈਂ ਸ਼ਾਇਦ
ਪਛਾਣ ਨਾ ਸਕਾਂ
ਜੇ ਅਚਾਨਕ
ਉਹ ਸਾਹਮਣੇ ਆ ਜਾਵੇ...

ਮੇਰੇ ਸਿਰ 'ਤੇ
ਧੁੱਪ ਦੀ ਚੁੰਨੀ
ਤੇ ਗਲ਼ 'ਚ ਫਸੀ
ਇੱਕ ਖਾਮੋਸ਼ ਚੀਕ ਜਿਹੀ
ਇੰਝ ਵਾਪਰਨ ਵਾਲਾ ਪਲ
ਉਡੀਕ ਰਹੀ ਹਾਂ
ਜਿਵੇਂ ਬੰਦੂਕ ਦੀ ਗੋਲੀ
ਚੱਲਣ ਤੇ
ਪੰਛੀਆਂ ਦਾ ਝੁਰਮਟ
ਕਿਧਰੇ ਦੂਰ

ਉੱਡ-ਪੁੱਡ ਜਾਂਦੈ...
ਤਲਾਸ਼ਦੀ ਹਾਂ
ਨਿੱਤ ਦਿਨ
ਉਸਨੂੰ
ਜੋ ਮੈਥੋਂ
ਕਿਤੇ ਬਹੁਤ ਦੂਰ
ਆਪਣੇ ਹੀ
ਦਾਇਰੇ ਵਿੱਚ
ਸਿਮਟ ਗਿਆ ਏ...
ਜੋ ਬਿਨ ਮਿਲਿਆਂ
ਨਿੱਤ ਹੀ ਧਰ ਦਿੰਦਾ ਹੈ
ਮੇਰੀ ਹਥੇਲੀ 'ਤੇ
ਕੁਝ ਸੁਫ਼ਨੇ
ਤੇ ਉਮੀਦ ਕਰਦਾ ਏ
ਕਿ ਮੈਂ ਕਦੇ
ਅੱਖ ਨਾ ਖੋਲ੍ਹਾਂ ਤੇ
ਡਰਦਾ ਹੈ
ਸੁਫ਼ਨੇ ਤਿੜਕ ਨਾ ਜਾਣ...

ਕਦੇ ਕਦੇ
ਭਰਮ ਜਿਹਾ ਜਾਪਦੈ
ਹੁਣ ਤਾਂ ਬੇਵਜਾ ਹੀ
ਮੈਂ ਪਲੋਸ-ਪਲੋਸ
ਰੱਖਦੀ ਆਂ
ਉਸਦੀ ਯਾਦ ਤੇ
ਕਵਿਤਾ ਜਿਹਾ
ਉਸਦਾ ਵਜੂਦ...

ਸੋਚਦੀ ਆਂ
ਉਹ ਗੈਰ ਹੋ ਕੇ
ਆਪਣਿਆਂ 'ਚ

ਕਿਉਂ ਹੈ ਸ਼ਾਮਿਲ ?
ਤੇ ਕੁਝ ਆਪਣੇ
ਖ਼ੂਨ ਦੇ ਰਿਸ਼ਤੇ
ਗੈਰ ਕਿਉਂ ਹੋ ਗਏ ਨੇ ?
ਰਿਸ਼ਤਾ ਮੇਰਾ ਤੇ ਉਸਦਾ
ਦਹਾਕਾ ਜੋ ਮੇਰਾ ਤੇ ਉਸਦਾ
ਸਾਂਝ ਮੇਰੀ ਤੇ ਉਸਦੀ
ਹੁਣ ਤਰੀਕਾਂ, ਤਰੀਕਾਂ ਬਣ
ਮੇਰੀ ਸੋਚ ਨੂੰ
ਨੋਚ ਰਹੀ ਹੈ...

ਉਹ ਰਾਤ ਖੁਦਕੁਸ਼ੀ
ਕਿਉਂ ਨਹੀਂ ਕਰਦੀ
ਜਿਸ ਰਾਤ ਉਹ
ਸੁਫ਼ਨਾ ਬਣ ਕੇ
ਮੇਰੀਆਂ ਅੱਖਾਂ 'ਚ
ਆਉਂਦੈ ਤੇ ਟੁੱਟ ਜਾਂਦਾ ਏ...

ਕਿਉਂ ਮਰ ਨਹੀਂ
ਜਾਂਦਾ ਉਹ ਦਿਨ
ਜਿਸ ਦਿਨ
ਮੈਂ ਉਹਨੂੰ ਦੇਖ ਕੇ
ਬੇਪਛਾਣ ਕਰਨ ਦੀ
ਕੋਸ਼ਿਸ਼ ਕਰਦੀ ਹਾਂ...

ਮੈਂ ਅਕਸਰ
ਕੁਝ ਕੁ ਸਵਾਲ
ਉਹਦੇ ਰੂ-ਬ-ਰੂ
ਧਰਦੀ ਆਂ
ਜਿਸਦੇ ਜਵਾਬ
ਉਹ ਜਾਣਦਾ ਵੀ ਨਈਂ

ਤੇ ਸਵਾਲ ਪੁੱਛਣਾ
ਮੇਰੀ ਫਿਤਰਤ
ਸਮਝਕੇ
ਟਾਲ ਛੱਡਦਾ ਹੈ...
ਜਾਣਦਾ ਹੈ
ਹਰ ਸਵਾਲ ਦਾ ਜਵਾਬ
ਉਹਦੀ ਚੁੱਪ 'ਚ
ਹੁੰਦਾ ਏ...
ਉਹ ਅਚਾਨਕ
ਕਦੇ
ਮੇਰੇ ਸਾਹਮਣੇ ਆਉਂਦਾ ਏ
ਤਾਂ ਮੈਂ ਮੂੰਹ
ਭੁਆ ਕੇ
ਖੁਦ ਨੂੰ ਉਸ ਤੋਂ
ਦੂਰ ਕਰਨ ਦਾ
ਯਤਨ ਕਰਦੀ ਆਂ
ਫਿਰ ਇੱਕ ਦਹਾਕਾ
ਮੇਰੇ ਜਿਸਮ ਦੀ
ਸਿਰਹਨ ਬਣ ਕੇ
ਸਮੇਂ ਦੀ ਚਾਲ ਨੂੰ
ਰੋਕਣ ਦੀ
ਕੋਸ਼ਿਸ਼ ਕਰਦਾ ਹੈ...
ਫਿਰ ਤੋਂ ਮੈਂ
ਧੁੰਧਲਾ ਜਿਹਾ
ਇਤਿਹਾਸ
ਲਿਖਣ ਲੱਗਦੀ ਆਂ...
ਤੇ ਵਰ੍ਹਿਆਂ ਤੋਂ
ਪਈ ਗਰਦ ਤੇ
ਪੀਲੇ ਧੁਆਂਖੇ
ਪੰਨਿਆਂ ਵਾਲੀ
ਉਸ ਕਿਤਾਬ ਤੇ

ਉਸਦੇ ਨਾਂ ਦੇ ਲਫਜ਼
ਮੇਰਾ ਮੂੰਹ ਚਿੜਾਉਂਦੇ ਨੇ
ਮੇਰੀ ਹਾਰ ਦਾ
ਜ਼ਿਕਰ ਕਰਦੇ ਨੇ
ਜਿਉਂ
ਮੈਂ ਕਈ ਵਰ੍ਹਿਆਂ ਨੂੰ
ਜਿੱਤ ਕੇ
ਇੱਕ ਹੀ ਦਿਨ ਵਿੱਚ
ਹਾਰ ਗਈ ਹੋਵਾਂ...
ਤੇ ਇੱਕ ਦਹਾਕੇ 'ਚ
ਕੈਦ ਹਾਂ ਉਸਦੀ ਖਾਤਿਰ
ਜੋ ਕਦੇ
ਅਚਾਨਕ ਹੀ
ਭੀੜ ਵਿੱਚੋਂ
ਮਿਲਦਾ ਹੈ
ਅਜਨਬੀ ਦੀ ਤਰ੍ਹਾਂ...!!

***

## ਗ਼ਜ਼ਲ

ਤੇਰੇ ਹਾਸਿਆਂ ਦੇ ਨਾਲ ਸੁਰਮਈ ਜਿਹੀ ਸਾਂਝ,
ਰਲ ਆਥਣਾਂ ਦੇ ਸੰਗ ਚੁਰਾ ਲਈਦੀ!
ਤੈਨੂੰ ਦੇਖਣੇ ਨੂੰ ਲੱਖ ਦਰਗਾਹੀਂ ਦੀਵੇ ਬਾਲੇ,
ਰੋਜ਼ ਯਾਰ ਦੀ ਦੀਵਾਲੀ ਮਨਾ ਲਈਦੀ!
ਔਖੇ ਪੈਂਡੇ ਉੱਤੇ, ਅਸਾਂ ਸਾਹ ਬੀਜੇ ਜਿਹੜੇ,
ਬਸ ਫਿਕਰਾਂ ਦੀ ਫਸਲ ਉਗਾ ਲਈਦੀ!
'ਧੁੱਪ ਦੇ ਆਕਾਰ' ਜਿਹਾ, ਪਿਆਰ ਤੇਰਾ ਜਾਪਦਾ,
ਜਦ ਲੋਕਾਂ ਕੋਲੋਂ ਨਿੱਘ, ਇਹ ਲੁਕਾ ਲਈਦੀ!

***

# ਆਨੰਦ ਤੇ ਖ਼ੁਸ਼ੀ

ਤੂੰ ਐਵੇਂ
ਝੁਰਦਾ ਰਹਿੰਨਾ ਏਂ
ਕਿ ਮੈਂ ਨਿਰਾਸ਼ ਤੇ
ਉਦਾਸ ਕਿਉਂ ਰਹਿੰਨੀ ਆਂ...
ਦੇਖ
ਆਨੰਦ ਤੇ ਖ਼ੁਸ਼ੀ
ਮੈਥੋਂ ਵੱਡੇ ਤਾਂ ਨਹੀਂ
ਉਹ ਵੀ ਤਾਂ ਮੇਰੇ
ਹਾਣ ਦਾ
ਬਣਨ ਦਾ ਯਤਨ
ਕਰਦੇ ਨੇ-
ਫਿਰ ਤੂੰ ਕਿਉਂ
ਸਦਾ
ਇਸੇ ਚਾਹ 'ਚ ਰਹਿੰਨੈ
ਕਿ
ਮੈਂ ਤੇਰੇ 'ਤੇ ਤਰਸ ਕਰਾਂ
ਤੇ ਆਪਣੀ
ਨੀਚਤਾ ਤੇ ਉਤਰ ਆਵਾਂ...
ਤੂੰ ਇੰਝ
ਬਿਰਖਾਂ ਵਾਂਗ
ਜੰਗਲ ਦੀ ਅੱਗ 'ਚ
ਸੜ ਜਾਣ ਨੂੰ
ਉਤਾਵਲਾ ਕਿਉਂ ਹੁੰਨੈ...?
ਤੇ ਫਿਰ ਵੀ
ਮੇਰੀਆਂ ਅੱਖਾਂ ਦਾ
ਪਾਣੀ ਲੋਚਦਾ ਏਂ...?

ਜਾਣਦੇ ਹੋਏ ਵੀ
ਅਨਜਾਣ ਬਣ ਜਾਣਾ
ਤਾਂ ਚਾਹੁੰਨੇ ਐਂ
ਪਰ ਖਿਆਲ ਰੱਖੀਂ
ਮੇਰਾ ਵਜੂਦ
ਮੇਰੇ ਖਿਆਲ
ਤੇ ਮੇਰੇ ਨਗਮੇ
ਤੇਰੇ ਜ਼ਿਹਨ ਚੋਂ
ਕਦੇ ਵੀ ਭੁਲਾਏ ਨਾ ਜਾਣਗੇ...

ਉਂਝ ਚਾਹੇ ਜਾ ਕੇ
ਪਰਤ ਆ
ਮੌਸਮਾਂ ਦੀ ਜੂਹ ਤੋਂ
ਪਰ,
ਮੇਰੀ ਰੰਗਲੀ ਰੁੱਤ
ਜਿਹਾ
ਜਸ਼ਨ
ਤੈਨੂੰ ਹੋਰ ਕਿਤੋਂ
ਨਹੀਂ ਥਿਆਉਂਣਾ...

ਐਵੇਂ ਤੂੰ ਖੁਦ ਨੂੰ
ਫਨਾਹ ਕਰਨ ਦਾ
ਯਤਨ ਕਰਦਾ ਏਂ
ਤੇ ਭੁਲੇਖੇ 'ਚ ਰਹਿੰਨੈ
ਕਿ ਮੈਨੂੰ ਈਰਖਾ ਦੀ
ਅੱਗ 'ਚ ਜਲਾ
ਦੇਵੇਂਗਾ!
ਇਬਾਦਤ ਨਹੀਂ ਕਰ
ਸਕਦਾ...
ਪਰ ਗਲ ਕਰਦਾ ਏਂ

ਕਿ ਮੁਹੱਬਤ ਬੜੀ
ਪਾਕ ਜਿਹੀ ਸ਼ੈਅ ਹੈ...

ਪਰ ਫਿਰ ਵੀ
ਹਰ ਖੁਸ਼ੀ ਨੂੰ
ਮੇਰੇ ਸੰਗ
ਗੁਜ਼ਾਰਨ ਦੀ
ਤੂੰ ਚਾਹ ਨਹੀਂ ਰੱਖਦਾ
ਮੈਂ ਫਿਰ ਵੀ
ਸਿਦਕੀ
ਸਿਰੜੀ
ਤੇ ਮਜ਼ਬੂਤ ਹੌਸਲੇ ਦੀ
ਬਦੌਲਤ,
ਆਪਣੇ ਵਾਦਿਆਂ ਤੋਂ
ਮੁਕਰ ਜਾਣਾ,
ਚੰਗਾ ਨਹੀਂ ਮੰਨਦੀ
ਤੇ ਤੇਰੀ
ਹਕੂਮਤ ਨੂੰ,
ਇਬਾਦਤ,
ਮੁਹੱਬਤ,
ਤੇ ਅਮਾਨਤ ਦੀ ਤਰ੍ਹਾਂ
ਸਾਂਭ ਰਹੀ ਹਾਂ...
ਉਂਝ ਆਨੰਦ ਤੇ
ਖੁਸ਼ੀ
ਮੇਰੇ ਤੋਂ ਦੂਰ ਨਹੀਂ
ਮੇਰੇ ਤੋਂ ਵੱਡੇ ਨਹੀਂ
ਇਹ ਤੂੰ ਵੀ ਜਾਨਣੈਂ
ਤੇ ਮੈਂ ਵੀ
ਬੇਖਬਰ ਨਹੀਂ...!!!

***

## ਭਟਕਣ

ਇਕ ਤਸਵੀਰ ਮੈਂ ਦਰਦਾਂ ਮਾਰੀ
ਧਰਤੀ ਜਿਉਂ ਸੁੱਕੀ ਦੁਖਿਆਰੀ।
ਬੜੀ ਪੁਰਾਣੀ ਗੱਲ ਹਾਂ ਕਰਦੀ,
ਜਦ ਮੇਰੇ ਦੁੱਖਾਂ ਦਾ ਦਰਦੀ!
ਜਿਸਨੇ ਖਾ ਲਈ ਮੇਰੀ ਜਵਾਨੀ,
ਉਹ ਜੋ ਮੇਰੀ ਰੂਹ ਦਾ ਹਾਣੀ!
ਵਾਂਗ ਜੰਨਤ ਦੇ ਉਸਦਾ ਸਾਥ,
ਨਾ ਦਿਨ ਉੱਗਦਾ ਨਾ ਪੈਂਦੀ ਰਾਤ!
ਉਸਦੇ ਹੱਥ 'ਚ ਪਾ ਕੇ ਹੱਥ,
ਸੁਫਨੇ ਉਸਦੀ ਝੋਲੀ 'ਚ ਰੱਖ,
ਤੁਰਦੇ ਜਾਂਦੇ, ਗਾਉਂਦੇ ਜਾਂਦੇ,
ਮੌਸਮ ਤਕਦੇ ਆਉਂਦੇ ਜਾਂਦੇ।
ਮੇਰੇ ਚਾਵਾਂ ਦਾ ਇਕੋ ਜਾਂਝੀ,
ਮੈਂ ਵਿਹੂਣੀ ਅੱਜ ਉਸ ਤੋਂ ਵਾਂਝੀ!
ਫਿਰ ਉਸਨੂੰ ਉਡੀਕ ਰਹੀ ਹਾਂ।
ਰੇਤੇ ਤੇ ਉਹਨੂੰ ਉਲੀਕ ਰਹੀ ਹਾਂ!
ਕਾਸ਼ ਕਿਤੇ ਮੇਰੀ ਕਵਿਤਾ ਪੜ੍ਹ ਕੇ
ਆ ਜਾਵੇ ਉਹ ਚੇਤੇ ਕਰਕੇ।
ਮੈਂ ਫਿਰ ਉਸਦੇ ਨਾਲ ਜਿਉਣਾ,
ਉਸ ਤੋਂ ਕਦੇ ਜੁਦਾ ਨਾ ਹੋਣਾ...
ਬੇਸ਼ਕ ਉਹ ਸੀ ਬੇਪਰਵਾਹ,
ਪਰ ਮੇਰਾ ਹਰ ਇਕ ਸਾਹ,
ਉਸਨੂੰ ਹੀ ਬਸ ਹਾਕਾਂ ਮਾਰੇ,
ਮੁੱਕੇ ਚਾਅ ਮੇਰੇ ਹੁਣ ਸਾਰੇ।

ਉਹ ਹੁਣ ਜੀਕਰ ਸੁਣਦਾ ਨਾਹੀਂ,
ਮੇਰੇ ਦਰਦ, ਮੇਰੀ ਆਹੀਂ
ਇਸ ਧਰਤੀ ਤੋਂ ਅੰਬਰ ਤੱਕ,
ਨਦੀਆਂ, ਦਰਿਆ, ਸਮੁੰਦਰ ਤੱਕ,
ਪਰਬਤ, ਜੰਗਲ ਰੋਹੀਆਂ ਵਿੱਚ,
ਕਿਸੇ ਫਕੀਰੀ ਅਰਜੋਈਆਂ ਵਿੱਚ
ਉਸ ਰਾਂਝੇ ਉਸ ਹੀਰ ਦੇ ਅੰਦਰ
ਕਿਸੇ ਜੋਗੀ ਕਿਸੇ ਫਕੀਰ ਦੇ ਅੰਦਰ,
ਉਸਨੂੰ ਹੀ ਬਸ ਲੱਭਦੀ ਹਾਂ
ਕਿੰਝ ਆਖਾਂ ਮੈਂ ਸਿੰਮੀ ਉਸ ਬਿਨ
ਇੱਕ ਭਟਕਣ ਹੀ ਲੱਗਦੀ ਹਾਂ...॥

***

## ਗ਼ਜ਼ਲ

ਤੇਰੇ ਸ਼ਹਿਰ ਦੀ ਵਾਟ ਮੁਕਾ ਕੇ,
ਬੈਠੀ ਬਹੁਤ ਹੀ ਦੂਰ ਮੈਂ ਜਾ ਕੇ।
ਇੰਝ ਅੱਖਰ ਅੱਖਰ ਹੋਈ ਕਵਿਤਾ,
ਫੁੱਲ ਜਿਉਂ ਟੁੱਟਦਾ ਹੈ ਮੁਰਝਾ ਕੇ
ਤੈਨੂੰ ਦੇਖਿਆਂ ਵਰ੍ਹਿਆ ਬੀਤੇ
ਖੌਰੇ ਤੂੰ ਕਦ ਮਿਲਣਾ ਆ ਕੇ
ਰਾਤ ਬਰਾਤੇ ਚੰਦ ਦਾ ਟੋਟਾ,
ਰੁਲਾ ਦਿੰਦਾ ਤੈਨੂੰ ਯਾਦ ਕਰਾਕੇ।
ਮਹਿਰਮ ਨਾ ਹੁਣ ਉਹ ਰਿਹਾ,
ਤੁਰ ਗਿਆ ਰੀਝਾਂ ਜੋ ਜਗਾ ਕੇ।
ਚਲ ਗਮਾਂ ਨੂੰ ਖਤ ਲਿਖਦੇ ਹਾਂ,
ਅੱਖਰ ਉਸਦੇ ਨਾਂ ਦੇ ਪਾ ਕੇ।
ਉਸਦੇ ਘਰ ਦੀ ਕੰਧ ਦੇ ਔਹਲੇ
ਆਉਣਾ ਹਰ ਇਕ ਚਾਅ ਦਫਨਾ ਕੇ।
ਬੇਬਸ ਤੇ ਬੇਲੱਜ ਮੈਂ ਹੋ ਕੇ
ਯਾਰ ਮਨਾਉਣਾ ਜੱਗ ਰੁਸਾ ਕੇ
ਮਹਿਰਮ ਮਿਲਜਾ ਤੂੰ ਇੱਕ ਵਾਰੀ,
ਦੇਖ ਜਿਉਂਦੀ ਲਾਸ਼ ਤੂੰ ਆ ਕੇ।

***

## ਗ਼ਜ਼ਲ

ਮਾਰੂਥਲ ਦੀ ਪਿਆਸ ਬਣਾ ਮੈਂ,
ਏਨੀ ਵੀ ਮਜ਼ਬੂਰ ਨਹੀਂ!
ਸੀਨੇ ਦਰਦ ਲੁਕਾ ਕੇ ਜਿਉਣਾ
ਇਹ ਮੈਨੂੰ ਮੰਜ਼ੂਰ ਨਹੀਂ...!
ਲਾਜ਼ਮ ਹੈ ਕਿ ਤੂੰ ਭੁੱਲ ਜਾਣਾ
ਤੈਨੂੰ ਪਰ ਮੈਂ ਭੁੱਲਣਾ ਨਹੀਂ
ਦਿਲ ਦਾ ਮਹਿਰਮ ਕਹਿ ਕੇ ਛੱਡਣਾ,
ਇਹ ਮੇਰਾ ਦਸਤੂਰ ਨਹੀਂ।
ਮੈਂ ਜਦ ਵੀ ਕੋਈ ਕਵਿਤਾ ਕਹਿੰਦੀ
ਨਾਂ ਤੇਰਾ ਆ ਜਾਂਦਾ ਹੈ,
ਜਿੰਨੇ ਤੇਰੇ ਚਰਚੇ ਹੁੰਦੇ,
ਅਜੇ ਸਿੰਮੀ ਏਨੀ ਮਸ਼ਹੂਰ ਨਹੀਂ...।

***

## ਰੂਹ ਦਾ ਹਾਣ

ਉਹ ਜੋ ਪਿਆਰ ਨੂੰ, ਪਿਆਰ ਵਾਂਗ ਜਾਣਦਾ ਸੀ,
ਉਹ ਸ਼ਖ਼ਸ ਮੇਰੀ ਰੂਹ ਦੇ ਹਾਣਦਾ ਸੀ।
ਬੜਾ ਹੀ ਸਾਊ, ਭੋਲਾ ਤੇ ਬੜਾ ਵਫ਼ਾਦਾਰ
ਮੇਰੇ ਦਿਲ ਦੀ ਹਰ ਰਮਜ਼ ਨੂੰ ਪਛਾਣਦਾ ਸੀ,
ਕਰਦਾ ਸੀ ਅੜੀਆਂ ਮਿਲਣੇ ਦੀਆਂ ਨਿੱਤ
ਤੇ ਗਮ ਕਰਦਾ ਉਹ ਮੇਰੇ ਦੂਰ ਜਾਣ ਦਾ ਸੀ।
ਜਦ ਵੀ ਪਿਆਰ ਨਾਲ ਮੇਰਾ ਨਾਂ ਲੈਂਦਾ ਸੀ,
ਹੁੰਦਾ ਅਗਾਜ਼ ਮੌਸਮਾਂ ਦੇ ਫਿਰ ਆਉਣ ਦਾ ਸੀ।
ਸਦਾ ਲਈ ਉਹ ਮੇਰੇ, ਦਿਲ 'ਚ ਰਹੇਗਾ,
ਬਸ ਏਨਾ ਕੁ ਭਰਮ ਉਸ, ਮਹਿਮਾਨ ਦਾ ਸੀ।
ਉਹ ਜੋ ਪਿਆਰ ਨੂੰ, ਪਿਆਰ ਵਾਂਗ ਜਾਣਦਾ ਸੀ,
ਉਹ ਸ਼ਖਸ 'ਸਿੰਮੀ' ਦੀ ਰੂਹ ਦੇ ਹਾਣ ਦਾ ਸੀ।

***

## ਟੋਟਾ ਟੁੱਟੀ ਵੰਗ ਦਾ

ਇਹ ਜੋ ਚੰਨ ਅਸਮਾਨੀਂ ਤੇਰੀ ਯਾਦ ਦੇ ਕੇ ਜਾਵੇ
ਇਹ ਟੋਟਾ ਮੇਰੀ ਟੁੱਟੀ ਹੋਈ ਵੰਗ ਦਾ ਨਹੀਂ।
ਇੱਕ ਘੁੱਟ ਭਰ ਤੇਰੀ ਸਾਦਗੀ ਪਿਲਾ ਦੇ ਮੈਨੂੰ,
ਨਸ਼ਾ ਮੈਨੂੰ ਹੋਰ ਕਿਸੇ ਭੰਗ ਦਾ ਨਹੀਂ।
ਬੇਪਰਵਾਹੀਆਂ ਤੈਨੂੰ ਕਿਉਂ ਰਾਸ ਆਈਆਂ,
ਮੈਨੂੰ ਤੇਰੇ ਰੰਗ ਵਿੱਚ ਕਾਹਤੋਂ ਰੰਗਦਾ ਨਹੀਂ।
ਮੇਰੀ ਕੀ ਔਕਾਤ, ਜਦ ਪੈ ਜਾਵੇ ਰਾਤ,
ਫਿਰ ਸਮਾਂ ਤੇਰੇ ਬਿਨਾਂ...ਲੰਘਦਾ ਨਹੀਂ।
ਔਖੀਆਂ ਜੁਦਾਈਆਂ, ਤੇਰੇ ਬਾਝੋਂ ਮੇਰੇ ਮਾਹੀਆ,
ਕਿਉਂ ਤੂੰ ਮੇਲ ਸਾਡਾ ਰੱਬ ਕੋਲੋਂ ਮੰਗਦਾ ਨਹੀਂ।

***

## ਅਧੂਰਾ ਚਾਅ

ਉਸਦੀਆਂ ਸੌ ਸੌ ਮਿੰਨਤਾਂ, ਤਰਲੇ ਕਰਦਾ ਦੇਖ ਲਿਆ।
ਇਕ ਦਿਨ ਮੈਂ ਵੀ ਆਪਣੇ, ਮਨ ਨੂੰ ਮਰਦਾ ਦੇਖ ਲਿਆ।

ਕਹਿੰਦੇ ਵਾਂਗ ਸਮੁੰਦਰ ਬੜਾ ਵਿਸ਼ਾਲ ਸੀ ਉਹ
ਹਰ ਅਧੂਰਾ ਚਾਅ ਮੈਂ ਜਿਸਦੇ ਅੰਦਰ ਤਰਦਾ ਦੇਖ ਲਿਆ।

ਅੱਜ ਮੈਂ ਤਾਹਨਾ ਦੇ ਕੇ, ਰਾਤ ਨੂੰ ਕਹਿੰਨੀ ਆਂ,
ਤੂੰ ਸੂਰਜ ਹੱਥੋਂ ਕਿਵੇਂ ਹਨੇਰਾ, ਮਰਦਾ ਦੇਖ ਲਿਆ,

ਸ਼ੂਕਦੀਆਂ ਲਹਿਰਾਂ ਤੇ ਜਿਸਨੂੰ ਮਾਣ ਬੜਾ ਸੀ,
ਉਸ ਦਰਿਆ ਨੂੰ ਅੱਖੀਂ, ਉਤਰਦਾ ਦੇਖ ਲਿਆ।

ਜਿਸ ਬੰਦੇ ਨੂੰ 'ਸਿੰਮੀ' ਆਪਣਾ ਰੱਬ ਮੰਨਦੀ ਹੈ,
ਪੱਥਰਾਂ ਦੇ ਨਾਲ ਸਿਰ, ਰਗੜਦਾ ਦੇਖ ਲਿਆ।

***

## ਗ਼ਜ਼ਲ

ਆਪਣੇ ਅੰਦਰ ਆਪਣੇ ਮਨ ਨੂੰ ਆਪੇ ਮੈਂ ਲੁਕੋਇਆ ਹੈ।
ਇੱਕ ਹਨੇਰੇ ਬਾਝੋਂ ਮੈਨੂੰ, ਜਿਉਣਾ ਔਖਾ ਹੋਇਆ ਹੈ।

ਕਦ ਤੱਕ ਮੰਗਵੇਂ ਪੈਰੀਂ, ਮੈਂ ਤੁਰਦੀ ਹੀ ਜਾਵਾਂਗੀ,
ਮੇਰੀ ਧੜ 'ਤੇ ਅਣਖੀ ਸਿਰ ਵੀ ਪੈਦਾ ਹੋਇਆ ਹੈ।

ਧੁੱਪਾਂ ਦਾ ਕਲਾਵਾ ਮੈਨੂੰ, ਸੀਤ ਲਹਿਰ ਹੀ ਲੱਗਦਾ ਹੈ,
ਮੇਰੇ ਵਿਹੜੇ ਆ ਕੇ ਜਦ ਵੀ ਸੂਰਜ ਸੋਇਆ ਹੈ।

ਕਹਿੰਦੇ ਨੇ ਉਹ ਸ਼ਾਇਰ ਸੀ ਜਾਂ ਪਾਗਲ ਸੀ ਕੋਈ,
ਜੋ ਅਦਨਾ ਜਿਹਾ ਬੰਦਾ, ਮੇਰੇ ਘਰ ਵਿੱਚ ਮੋਇਆ ਹੈ।

ਮੈਂ ਨਾ ਪਰਤ ਕੇ ਦੇਖਿਆ, ਉਹਨੂੰ ਜਦ ਤੋਂ ਛੱਡਿਆ ਹੈ,
ਕਿੰਨਾ ਕੁ ਮੇਰੇ ਬਾਝੋਂ, ਉਹ ਕੱਲਾ ਹੋ ਕੇ ਰੋਇਆ ਹੈ।

ਉਂਝ ਤਾਂ ਲੋਕੀਂ ਕਹਿੰਦੇ ਨੇ ਜਰਖੇਜ਼ ਜਿਹੀ ਜ਼ਮੀਨ ਇਹਨੂੰ
ਜਿਸ ਮੁਹੱਬਤਾਂ ਦੀ ਧਰਤੀ 'ਤੇ ਬੀਜ 'ਸਿੰਮੀ' ਨੇ ਬੋਇਆ ਹੈ।

***

## ਗ਼ਜ਼ਲ

ਦੂਰ ਤੱਕ ਅਹਿਸਾਸਾਂ ਵਿੱਚ ਹਨੇਰਾ ਹੈ।
ਤੁਰਦੀ ਹਾਂ ਔਖੇ ਰਾਹੀਂ, ਮੇਰਾ ਜੇਰਾ ਹੈ।

ਮਿਲਣਾ ਤਾਂ ਹੈ ਜ਼ਰੂਰ, ਸਾਡੇ ਰਾਹਾਂ ਨੇ,
ਰੋਸਿਆਂ ਵਾਲਾ ਪੰਧ ਪਰ ਲੰਮੇਰਾ ਹੈ!

ਹੱਕਾਂ ਦੀ ਜਿੱਤ ਵਿੱਚ ਮੈਨੂੰ ਗੁਆ ਲਿਆ,
ਏਨਾ ਕੁ ਤਾਂ ਕਸੂਰ ਕਿਤੇ ਤੇਰਾ ਹੈ!

ਦੋਸਤਾਂ 'ਚ ਤੇਰੇ ਮੈਂ ਸਮੂਲ ਹਾਂ,
ਏਨਾ ਕੁ ਮਾਣ ਮੈਨੂੰ ਬਥੇਰਾ ਹੈ!

'ਸਿੰਮੀ' ਦੇ ਨਾਂ ਦੇ ਲਫ਼ਜ਼ ਜਦ ਪੜ੍ਹ ਲਏਂਗਾ,
ਹੋ ਜਾਣਾ ਤੇਰੇ ਮਨ 'ਚ ਸਵੇਰਾ ਹੈ!

***

## ਗ਼ਜ਼ਲ

ਸੱਚ ਲਈ ਫਾਂਸੀ 'ਤੇ ਚੜ੍ਹਨਾ ਫਜ਼ੂਲ ਨਹੀਂ।
ਮੈਂ ਹੱਕ ਦੀ ਖਾਤਿਰ ਮਰਨੋਂ ਡਰਦੀ ਮੂਲ ਨਹੀਂ।

ਐਵੇਂ ਰੱਬ ਦਾ ਰੁਤਬਾ ਮੈਨੂੰ ਦਿੰਨਾ ਏਂ,
ਸ਼ਾਇਰਾਂ ਵਿੱਚ ਏਨੀ ਮੈਂ, ਅਜੇ ਮਕਬੂਲ ਨਹੀਂ।

ਰਹਿ ਜਾਵਣ ਨਾ ਵਾਧੇ ਘਾਟੇ ਜ਼ਿੰਦਗੀ ਵਿੱਚ,
ਮੌਤ ਅਧੂਰੀ ਮਰਨਾ ਵੀ ਕਬੂਲ ਨਹੀਂ।

ਮੇਰੇ ਲਈ ਤਾਂ ਸੂਰਜ, ਪੱਛਮ 'ਚੋਂ ਉੱਗਦਾ ਹੈ,
ਬਣੇ ਰਾਹਾਂ 'ਤੇ ਤੁਰਨਾ ਮੇਰਾ ਅਸੂਲ ਨਹੀਂ।

ਰਾਹ ਦਸੇਰੇ ਬਹੁਤ ਬਣਾ ਕੇ ਕੀ ਲੈਣਾ?
ਜਦ ਇਕੋ ਪਿਆਰਾ ਜੀਵਨ 'ਚ ਸਮੂਲ ਨਹੀਂ।

***

## ਗ਼ਜ਼ਲ

ਇੰਝ ਤਾਂ ਮੁੱਕਦਾ ਮੁੱਕ ਜਾਵੇਗਾ।
ਦਰਿਆ ਵੀ ਫਿਰ ਮੁੱਕ ਜਾਵੇਗਾ।

ਬੰਦਾ ਆਪਣੀ ਤੋਰ ਤੋਂ ਅੱਗੇ,
ਜਾ ਕੇ ਜਦ ਵੀ ਰੁਕ ਜਾਵੇਗਾ।

ਏਸ ਕਹਿਰ ਦੀ ਗਰਮੀ ਕੋਲੋਂ,
ਹਿਮਾਲਿਆ ਕਦ ਤੱਕ ਬਚ ਜਾਵੇਗਾ।

ਗੈਸਾਂ ਦੀ ਇਸ ਭੀੜ ਦੇ ਅੰਦਰ,
ਧਰਤੀ ਦਾ ਜੀਵਨ ਖੁਸ਼ ਜਾਵੇਗਾ।

ਜੇ ਰੱਬਪੁਣਾ ਬੰਦੇ 'ਚੋਂ ਨਾ ਮੁੱਕਿਆ,
ਤਾਂ ਰੱਬ ਵੀ ਆਖਿਰ ਰੁੱਸ ਜਾਵੇਗਾ।

ਹੁਣ ਤਾਂ 'ਸਿੰਮੀ' ਸੋਚੀਂ ਪੈ ਗਈ,
ਕਿਥੋਂ ਤੱਕ ਇਹ ਮਨੁੱਖ ਜਾਵੇਗਾ।

***

## ਇਕ ਪੁਲ਼

ਜਦ ਸਵੇਰੇ ਨੀਂਦਰ ਖੁੱਲੀ,
ਇੱਕ ਕਣੀ ਹੰਝੂ ਦੀ ਡੁੱਲੀ।
ਬੜਾ ਹੀ ਮਨ ਉਦਾਸ ਜਿਹਾ ਸੀ,
ਸੀਨਾ ਜਿਉਂ ਬੇਆਸ ਜਿਹਾ ਸੀ।
ਤਿੜਕੇ ਸੁਫ਼ਨੇ ਨੈਣੀਂ ਆਏ,
ਬਾਗੀ ਜਿਉਂ ਫੁੱਲ ਕੁਮਲਾਏ।
ਸੀਨੇ ਵਿੱਚ ਅਹਿਸਾਸ ਸੀ ਮੋਇਆ,
ਜਿਗਰਾ ਕਿੰਨਾ ਚੌੜਾ ਹੋਇਆ।
ਸੂਰਜ ਦੀ ਧੁੱਪ ਮਰੀ ਉੱਗੀ,
ਸਾੜੀ ਨਾ ਦਰਦਾਂ ਦੀ ਝੁੱਗੀ।
ਪਰਬਤ ਮੇਰੀ ਗੋਦ ’ਚ ਆ ਕੇ,
ਰੋਇਆ ਬੜਾ ਯਾਦ ਕਰਾ ਕੇ।
ਤ੍ਰੇਲ ਤੁਪਕੇ ਹੰਝ ਬਣ ਗਏ,
ਸਜਣਾਂ ਲਈ ਜੋ ਰੰਜ ਬਣ ਗਏ।
ਬੰਦਿਸ਼ ਟੁੱਟੀ ਪਿਆਰ ਦੀ ਆਖਿਰ,
ਚੁੱਪ ਟੁੱਟੀ ਯਾਰ ਦੀ ਆਖਿਰ,
ਪੁਲ਼ ਜੋ ਖਾਮੋਸ਼ ਖੜਾ ਸੀ,
ਐਪਰ ਉਹ ਉਦਾਸ ਬੜਾ ਸੀ।
ਲੰਘੇ ਪਾਣੀ ਨੂੰ ਯਾਦ ਸੀ ਕਰਦਾ,
ਖੌਰੇ ਕਿੰਨੇ ਕਦਮਾਂ ਨੂੰ ਜਰਦਾ।
ਆਖਿਰ ਉਸਨੇ ਸਬਰ ਤੋੜਿਆ,
ਸੱਜਣਾ ਦਾ ਕੀਤਾ ਜਬਰ ਤੋੜਿਆ।
ਫਿਰ ਉਹ ਪਾਣੀ ਪਿੱਛੇ ਦੌੜਿਆ।
ਆਪਣਾ ਆਪਾ ਦਰਿਆ ਰੋੜ੍ਹਿਆ।

ਕਿਰਨਾਂ ਦਾ ਰੁੱਗ ਭਰ ਕੇ ਮੱਥੇ,
ਬਿਨ ਬਾਹਾਂ ਦੇ ਨਿਰਾ ਨਿਹੱਥੇ,
ਤੁਰ ਪਿਆ ਵਾਹਣਾਂ ਦੇ ਵੱਲੇ
ਸੁੰਨ ਮਸੁੰਨਾ, ਕਲਮ-ਕੱਲੇ।
ਥਲ ਦੀ ਰੇਤ ਨੂੰ ਸੀਨੇ ਲਾ ਕੇ,
ਸੱਜਣ ਦੀ ਇੱਕ ਯਾਦ ਧਿਆ ਕੇ,
ਪੁਲ਼ ਸੀ ਜੋ ਪਿਆਸਾ ਹੀ ਤੁਰਿਆ
ਵਾਂਗ ਰੇਤ ਪਾਣੀ 'ਚ ਖੁਰਿਆ।
ਅੱਧਾ ਟੁੱਟਾ, ਅੱਧਾ ਸਾਬਤ,
ਖੌਰੇ ਉਸ ਕਿੰਨਾ ਕੁ ਜਾਬਤ।
ਆਪਣੇ ਸੀਨੇ ਅੰਦਰ ਪੀੜਾਂ,
ਗੁਆਚਿਆ ਵਿੱਚ ਲੋਕਾਂ ਦੀਆਂ ਭੀੜਾਂ।
ਕੀ ਕੀ ਉਸਨੇ ਖੋਇਆ ਪਾਇਆ,
ਬੜਾ ਉਸਨੂੰ ਚੇਤੇ ਆਇਆ।
ਜਿਨ੍ਹਾਂ ਲਈ ਸਦਾ ਝੁਕਦਾ ਰਿਹਾ ਸੀ,
ਜਿਨ੍ਹਾਂ ਖਾਤਿਰ ਰੁਕਦਾ ਰਿਹਾ ਸੀ।
ਕਦਮਾਂ ਨੂੰ ਸੀ ਚੁੰਮਦਾ ਰਿਹਾ,
ਚਾਰੇ ਦਿਸ਼ਾਵਾਂ ਘੁੰਮਦਾ ਰਿਹਾ,
ਉਹੀ ਅੱਜ ਉਸ ਪੁਲ਼ ਨੂੰ ਢਾਹ ਕੇ,
ਖੁਸ਼ ਹੋਏ ਉਸਨੂੰ ਮਿਟਾ ਕੇ।
ਹੁਣ ਉਹ ਪੁੱਲ ਬੇਬਸ ਖੜਾ ਸੀ,
ਅੱਜ ਉਹ ਉਦਾਸ ਬੜਾ ਸੀ।

***

## ਗ਼ਜ਼ਲ

ਨਗਮਾ ਗਾ ਕੇ ਤੁਰਦਾ ਹੈ, ਮਨੋਂ ਭੁਲਾ ਕੇ ਤੁਰਦਾ ਹੈ।
ਬੜਾ ਬੇਪਰਵਾਹ ਸੱਜਣ, ਮੌਜ ਮਨਾ ਕੇ ਤੁਰਦਾ ਹੈ।

ਫਕੀਰੀ ਐਨੀ ਵੀ ਚੰਗੀ, ਨਹੀਂ ਹੁੰਦੀ ਮੇਰੇ ਦੋਸਤ,
ਕਿ ਹਰ ਕੋਈ ਤੈਨੂੰ, ਲੁੱਟ ਖਾ ਕੇ ਤੁਰਦਾ ਹੈ।

ਤੂੰ ਰੋਜ਼ ਵਾਂਗ ਮਿਲਿਆ ਕਰ, ਮਿੰਨਤ ਹੈ,
ਤੇਰਾ ਅਹਿਸਾਸ ਹੀ ਮੈਨੂੰ, ਹਸਾ ਕੇ ਤੁਰਦਾ ਹੈ।

ਦੌਲਤ ਸ਼ੋਹਰਤ ਮੈਨੂੰ ਰਾਸ ਨਹੀਂ ਆਈ,
ਉਹ ਕੀ ਬੰਦਾ ਜੋ ਇੱਕ ਯਾਰ, ਗੁਆ ਕੇ ਤੁਰਦਾ ਹੈ।

ਚਲ ਆਪਾਂ ਵੀ ਮਾਤ ਦੇ ਆਈਏ ਉਸ ਸੂਰਜ ਨੂੰ,
ਜੋ ਮਰੀਆਂ ਧੁੱਪਾਂ ਸਾਡੇ ਵਿਹੜੇ ਲਿਆ ਕੇ ਤੁਰਦਾ ਹੈ।

ਕਦੇ ਠੋਕਰ ਦਿੰਦਾ ਹੈ, ਕਦੇ ਗਲ਼ ਲਾ ਲੈਂਦਾ ਹੈ,
ਉਹ ਰੱਬ ਵਾਂਗ ਮੈਨੂੰ, ਅਜ਼ਮਾ ਕੇ ਤੁਰਦਾ ਹੈ।

ਅੱਜ ਕੱਲ੍ਹ 'ਸਿੰਮੀ' ਤੋਂ, ਟਲਦਾ ਰਹਿੰਦਾ ਹੈ,
ਖੌਰੇ ਮਨ ਵਿੱਚ ਕੀ-ਕੀ, ਲੁਕਾ ਕੇ ਤੁਰਦਾ ਹੈ ?

***

## ਗ਼ਜ਼ਲ

ਤੇਰੇ ਰਾਹਾਂ ਦੀ ਮਿੱਟੀ ਨੂੰ ਸਿਜਦਾ ਮੈਂ ਯਾਰ ਕਰਾਂ।
ਧਰਤੀ ਤੋਂ ਅੰਬਰ ਤੱਕ ਤੈਨੂੰ ਪਿਆਰ ਕਰਾਂ।

ਜਾ ਕੇ ਪਰਤ ਆਵੇਂਗਾ, ਤੂੰ ਮੌਸਮ ਬਣ ਕੇ,
ਏਨਾ ਕੁ ਤੇਰੇ ਉਤੇ, ਮੈਂ ਇਤਬਾਰ ਕਰਾਂ।

ਮੇਰਾ ਹੱਜ, ਮੱਕਾ, ਮੇਰਾ ਰੋਜ਼ਾ ਤੂੰ,
ਤੈਨੂੰ ਨਾ ਮੈਂ ਰਿਸ਼ਤਿਆਂ ਵਿੱਚ ਸ਼ੁਮਾਰ ਕਰਾਂ।

ਮਹਿਰਮ ਤੂੰ ਸਿਖਾਈ, ਮੈਨੂੰ ਜਾਚ ਜਿਉਣ ਦੀ,
ਹਰ ਮੁਸ਼ਕਿਲ ਨਾਲ ਹੱਥ, ਹੁਣ ਦੋ ਚਾਰ ਕਰਾਂ।

***

## ਗ਼ਜ਼ਲ

ਲੁੱਟਦੇ ਨੇ ਲੋਕ ਜ਼ਮੀਰਾਂ ਤੇ ਪਾਕ ਤਸਵੀਰਾਂ ਨੇ,
ਤੇ ਲੁੱਟਦੇ ਰਾਂਝੇ ਹੀਰਾਂ, ਨਾਲ ਸਮਸ਼ੀਰਾਂ ਦੇ।

ਪਿਆਰ ਗਰੀਬਾਂ ਦੀ ਹੁਣ ਸ਼ੈਅ ਰਹੀ ਨਾ,
ਸਰੀਰ ਤਾਂ ਵਿਕਦੇ ਇਥੇ, ਕੋਲ ਅਮੀਰਾਂ ਦੇ।

ਰੂਹਾਂ ਵਿੱਚ ਵੀ ਦੋਸ਼ ਆ ਗਿਆ ਮੇਰੇ ਦੋਸਤ,
ਕਿੰਨਾ ਕੁ ਫਿਰ ਇਮਾਨ ਪਾਲਣਾ ਸਰੀਰਾਂ ਨੇ।

ਸੱਚ, ਹੱਕ ਤੇ ਮਿਹਨਤ, ਮਰ ਹੀ ਜਾਂਦੀ ਹੈ,
ਮਿਟਦੀਆਂ ਜਦ ਜਦ ਵੀ, ਜ਼ਮੀਰਾਂ ਨੇ।

ਬਾਬਿਆਂ ਕੋਲੋਂ ਲੋਕੀ ਭਾਲਣ ਤੁਰ ਪਏ ਨੇ,
ਹੱਥਾਂ ਵਿੱਚ ਵੀ ਲੱਭਦੀਆਂ ਨਾ ਹੁਣ ਲਕੀਰਾਂ ਨੇ।

ਅਗਲੇ ਚੁਰਾਹੇ ਉਤੇ ਮਿੱਟ ਵੀ ਸਕਦੀ ਹੈ,
ਹੁਣ ਐਸੀਆਂ ਲੋਕਾਂ ਦੀਆਂ ਤਕਦੀਰਾਂ ਨੇ।

ਰੋਜ਼ ਪੁਸ਼ਾਕਾਂ ਵਾਂਗਰ, ਪਿਆਰ ਬਦਲਦਾ ਹੈ,
ਇੱਕ ਰਾਂਝੇ ਦੀਆਂ ਦਸ ਦਸ ਹੁਣ ਹੀਰਾਂ ਨੇ।

***

## ਰਾਹਨੁਮਾ

ਮਿਲ ਬਹਿੰਦੇ ਜਦ ਯਾਰ ਅਵੱਲੇ,
ਚਾਵਾਂ ਨੇ ਫਿਰ ਵਿਹੜੇ ਮੱਲੇ,
ਅੰਬਰ ਵੀ ਆ ਜਾਵੇ ਥੱਲੇ,
ਅੱਖ ਵੀ ਫਿਰ ਨਾ ਹੰਝੂ ਝੱਲੇ,
ਐਸਾ ਯਾਰ ਖੁਦਾ ਹੈ ਮੇਰਾ,
ਮਹਿਰਮ ਰਾਹਨੁਮਾ ਹੈ ਮੇਰਾ...

ਕੁਦਰਤ ਹੋ ਹੋ ਨੇੜੇ ਬਹਿੰਦੀ,
ਮਸਤੀ ਉਠ ਉਠ ਝਾਕਾ ਲੈਂਦੀ,
ਮਨ ਵਿੱਚ ਰੀਝ ਮਿਲਣ ਦੀ ਰਹਿੰਦੀ,
ਸੀਨੇ ਵਾਲੀ ਮੌਜ ਹੈ ਕਹਿੰਦੀ,
ਬਹਿਸ਼ਤ ਵਰਗਾ ਪਵੇ ਨਜ਼ਾਰਾ,
ਦਿਲ ਹੋ ਜਾਂਦਾ ਹਰਾ ਹੈ ਮੇਰਾ,
ਐਸਾ ਯਾਰ ਖੁਦਾ ਹੈ ਮੇਰਾ
ਮਹਿਰਮ ਰਾਹਨੁਮਾ ਹੈ ਮੇਰਾ...

ਯਾਰ ਮੇਰਾ ਮਸੀਤ ਜਿਹਾ ਹੈ
ਮੜਿਆ ਕੋਈ ਤਵੀਤ ਜਿਹਾ ਹੈ,
ਜਗਦੀ ਚਲਦੀ ਰੀਤ ਜਿਹਾ ਹੈ,
ਨਾਂ ਹੁਣ ਜਿਸਦਾ 'ਪ੍ਰੀਤ' ਜਿਹਾ ਹੈ,
ਐਪਰ ਕਦੇ ਨਾ ਮਿਲਦਾ ਸਾਨੂੰ,
ਪਰ ਰਹਿੰਦਾ ਬਣਕੇ ਸਾਹ ਹੈ ਮੇਰਾ...
ਐਸਾ ਯਾਰ ਖੁਦਾ ਹੈ ਮੇਰਾ,
ਰਹਿਬਰ, ਰਾਹਨੁਮਾ ਹੈ ਮੇਰਾ...

***

## ਗ਼ਜ਼ਲ

ਲੱਗਦਾ ਏ ਖ਼ੁਦ ਦੇ ਲਫ਼ਜ਼ਾਂ ਦਾ ਬਿਮਾਰ ਜਿਹਾ,
ਵਾਦੇ ਕਰਕੇ ਮੁਕਰ ਗਈ ਸਰਕਾਰ ਜਿਹਾ।

ਹਰ ਵੇਲੇ ਰਹੇ ਡੁੱਬਿਆ ਵਿੱਚ ਉਦਾਸੀ ਦੇ
ਅੱਜ ਕੱਲ੍ਹ ਮੈਨੂੰ ਉਹ ਜਾਪੇ ਅਖ਼ਬਾਰ ਜਿਹਾ।

ਗੱਲ-ਗੱਲ ਤੇ ਚਿੜ੍ਹਦਾ, ਧੁੱਖਦਾ ਰਹਿੰਦਾ ਹੈ,
ਉਹਨੂੰ ਖ਼ੁਦ 'ਤੇ ਮੁੱਕਿਆ ਹੁਣ ਇਤਬਾਰ ਜਿਹਾ।

ਬੇ-ਭਰੋਸਾ 'ਸਿੰਮੀ' 'ਤੇ ਹੁਣ ਕਰਦਾ ਹੈ,
ਸ਼ੱਕ 'ਚ ਘਿਰ ਗਈ, ਔਰਤ ਦੇ ਕਿਰਦਾਰ ਜਿਹਾ।

***

## .ਗ਼ਜ਼ਲ

ਲਾਉਣ ਲਈ ਬੰਦਿਸ਼ਾਂ, ਹਰ ਤਪਦੇ ਦੁਪਹਿਰੇ 'ਤੇ
ਮੱਘਦੇ ਜਜ਼ਬਾਤ ਬਿਠਾਏ, ਜੰਗਲ ਦੇ ਪਹਿਰੇ 'ਤੇ।

ਖ਼ੁਸ਼ੀ ਸੀ ਮੈਨੂੰ, ਮੈਂ ਸਾਰਾ ਜੰਗਲ ਖਰੀਦਿਆ,
ਅਫਸੋਸ ਕਿ ਹਰ ਰੁੱਖ ਦੇ ਸੀ ਉਦਾਸੀ ਚਿਹਰੇ 'ਤੇ।

ਕੁਝ ਰੁੱਖਾਂ ਦੀਆਂ ਕੱਟੀਆਂ ਧੜਾਂ ਤੇ ਖੜ ਕੇ ਦੇਖਿਆ,
ਹਰ ਪੰਛੀ ਰਾਤੀਂ ਬੈਠਾ, ਆਲ੍ਹਣੇ ਦੇ ਪਹਿਰੇ 'ਤੇ।

ਕੁਝ ਪ੍ਰੇਮੀਆਂ ਦੇ ਨਾਂ ਦੇਖੇ, ਰੁੱਖਾਂ ਦੀਆਂ ਬਾਹਾਂ 'ਤੇ,
ਜੋ ਰੋਏ ਹੋਣਗੇ ਆਪਣੇ, ਅਤੀਤ ਸੁਨਹਿਰੇ 'ਤੇ।

ਜੰਗਲ ਦੇ ਇੱਕ ਰੁੱਖ 'ਤੇ ਸੀ ਉਕਰਿਆ ਉਹਦਾ ਨਾਂ,
ਅੱਜ ਲਫ਼ਜ਼ ਉਹ 'ਸਿੰਮੀ' ਨਾਂ ਦੇ ਕਾਬਜ਼ ਹਨੇਰੇ 'ਤੇ।

***

## ਗ਼ਜ਼ਲ

ਕਰਾਂ ਸਮਰਪਿਤ ਤੈਨੂੰ ਮੈਂ ਦੋ ਹੰਝੂ,
ਵਾਂਗ ਸਮੁੰਦਰ ਛਲਕਣ ਦੀ, ਮੈਨੂੰ ਆਦਤ ਨਹੀਂ।
ਇੱਕ ਦੋ ਪੀੜਾਂ ਸਹਿ ਕੇ, ਮੁੱਕ ਹੀ ਜਾਂਦੀ ਹੈ,
ਕਿ ਰਾਤ ਜਿੰਨੀ ਲੰਮੀ, ਮੇਰੀ ਹਸਰਤ ਨਹੀਂ।
ਕਿੰਝ ਮੇਚ ਦਿਆਂ ਮੈਂ ਤੈਨੂੰ ਤਾਰਿਆਂ ਨਾਲ,
ਹਰ ਤਾਰੇ ਦੀ ਚੰਨ ਜਿਹੀ, ਤਾਂ ਕਿਸਮਤ ਨਹੀਂ ।
ਵਾਂਗ ਸ਼ੁਦਾਈਆਂ ਨਾ ਕਰ ਅੜੀਆਂ ਮੇਲ ਦੀਆਂ,
ਇਸ ਜਜ਼ਬੇ ਤੇ ਤੇਰੀ, ਹੁਣ ਹਕੂਮਤ ਨਹੀਂ।
ਅੱਜ ਇਹ 'ਸਿੰਮੀ' ਤਰਸੇ, ਤੈਨੂੰ ਮਿਲਣ ਲਈ,
ਕੋਲ ਜਿਸਦੇ ਸਾਹਾਂ ਲਈ ਵੀ ਫੁਰਸਤ ਨਹੀਂ...।

***

## ਗ਼ਜ਼ਲ

ਦੁਨੀਆ ਦਾ ਸੀ ਡਰ ਜਾਂ ਜ਼ਿੰਦਗੀ ਤੋਂ ਡਰ ਗਿਆ।
ਮਰਨ ਬਾਦ ਮਿਲਣ ਦਾ, ਜੋ ਵਾਦਾ ਕਰ ਗਿਆ।

ਉਸ ਆਤਿਸ਼ ਦੇ ਦਰਿਆ ਦੀ, ਏਨੀ ਕੁ ਸੀ ਤਪਸ਼,
ਮੇਰੇ ਇਕ ਹੰਝੂ ਨਾਲ, ਪਲਾਂ 'ਚ ਠਰ ਗਿਆ।

ਉਦਾਸ ਹੋਏ ਰਾਹਾਂ ਦੀ, ਫਿਰ ਗੱਲ ਨਾ ਛੇੜ ਤੂੰ,
ਉਹ ਮੋੜ ਤੇਰੀ ਦੀਦ ਬਿਨ, ਕਦੋਂ ਦਾ ਮਰ ਗਿਆ?

ਕਿਉਂ ਦੋਸ਼ੀ ਨਾ ਮੰਨਾਂ, ਤੈਨੂੰ ਮੇਰੇ ਜਜ਼ਬਾਤਾਂ ਦਾ?
ਦਿਲ ਤੇਰੇ ਸਿਤਮ ਨੂੰ, ਚੁਪ ਚਾਪ ਜਰ ਗਿਆ।

ਤੈਨੂੰ ਪਾਉਣ ਦੀ ਰੀਝ ਨੇ, ਵਕਤ ਉਹ ਦਿਖਾਇਆ,
ਜਿੱਤ ਕੇ ਤੇਰੀ ਚਾਹਤ, ਸਮੇਂ ਹੱਥੋਂ ਹਰ ਗਿਆ।

ਉਂਞ ਟੁੱਟਦੇ ਰਹੇ ਗੁਲਾਬ, ਹਰ ਵਾਰ ਟਹਿਣੀ ਤੋਂ,
ਜਦ ਸੁੱਕ ਗਏ, 'ਸਿੰਮੀ' ਦੀ ਕਬਰ 'ਤੇ ਧਰ ਗਿਆ।

***

## ਗ਼ਜ਼ਲ

ਮੇਰਾ ਜਿਸਮ ਵਿਕਾਊ ਨਹੀਂ ਤੇ ਮਨ ਦੀ ਤੌਹੀਨ ਨਾ ਕਰ।
ਮੈਨੂੰ ਗੱਲ ਗੱਲ ਤੇ ਦੋਸਤ ਮਿੱਟੀ 'ਚ ਮਲੀਨ ਨਾ ਕਰ।

ਤੇਰੇ ਕੌੜੇ ਲਫ਼ਜ਼ਾਂ ਨਾਲ ਅੱਧਵਾਟੇ ਨਾ ਟੁੱਟ ਜਾਣ,
ਇਹਨਾਂ ਦਿਲ ਦੀਆਂ ਡੋਰਾਂ ਨੂੰ, ਏਨਾ ਮਹੀਨ ਨਾ ਕਰ।

ਮੇਰੀ ਇਬਾਦਤ ਤੱਕ, ਤੂੰ ਪਹੁੰਚ ਨਹੀਂ ਸਕਦਾ,
ਖੁਦ ਦੀ ਮੁਹੱਬਤ ਦਾ, ਏਨਾ ਯਕੀਨ ਨਾ ਕਰ।

ਜੇ ਚਾਹੁੰਨਾ ਏਂ ਮਿਟਾਉਣੇ, ਫਾਸਲੇ ਤੇ ਦੂਰੀ,
ਖੁਦ ਵੀ ਨੀਵਾਂ ਨਾ ਹੋ ਤੇ ਮੈਨੂੰ ਵੀ ਹੀਨ ਨਾ ਕਰ।

***

## ਆਥਣਾਂ ਦਾ ਘਰ

ਸੁੱਕੇ ਪੱਤੇ ਵਾਂਗ
ਉਹ ਝੜ ਜਾਂਦਾ ਏ
ਤੇ ਉਹਦੇ ਸੀਨੇ ਅੰਦਰ
ਰੋਂਦਾ ਹੈ
ਇੱਕ ਟਾਹਣੀ ਦਾ ਜ਼ਖਮ...
ਲਿਖਦਾ ਹੈ ਚੁੱਪ ਨੂੰ
ਅਕਸਰ
ਉਹ ਸ਼ਬਦਾਂ ਵਿਹੂਣੇ ਖਤ
ਤਾਰਿਆਂ ਨੂੰ ਕਹਿਕੇ
'ਅਲਵਿਦਾ'
ਮੁਕਾਉਂਦਾ ਹੈ
ਹਰ ਰੋਜ਼
ਹਨੇਰਿਆਂ ਦਾ ਸਫ਼ਰ...
ਸੁਣਦਾ ਹੈ
ਰਾਤ ਦੇ ਮੂੰਹੋਂ
ਫਿਰ ਕਾਲੇ ਦਿਨਾਂ ਦੀ
ਵਾਰਤਾ!

ਨਿੱਤ ਮੇਰੀ ਮੁੱਠੀ 'ਤੇ
ਧਰਦਾ ਹੈ
ਆਥਣਾਂ ਦਾ ਸੂਹਾ ਰੰਗ
ਤੇ ਲੈ ਜਾਂਦਾ ਹੈ
ਮੈਨੂੰ
ਸੂਰਜ ਦੇ ਘਰ...
ਜਿੱਥੇ ਮਿਲਦੇ ਨੇ
ਕਾਲੀ ਰਾਤ ਨੂੰ
ਗੁਲਾਬੀ ਸਵੇਰੇ...

ਤੇ ਮੈਂ ਦੇਖਦੀ ਆਂ
ਨਿੱਤ ਸੂਰਜ ਨੂੰ
ਉਹਦੀ ਗੋਦ 'ਚ
ਪਿਘਲਦਾ...
ਤੇ ਉਹ
ਆਖਦੈ ਮੈਨੂੰ
'ਚਲ ਮੇਰੇ ਨਾਲ
ਕਦੇ ਆਥਣਾਂ ਦੇ ਘਰ,
ਜਿਥੇ ਘੁੱਲਦੀ ਹੈ
ਆਥਣ
ਪਰਬਤਾਂ ਤੇ ਪਈ
ਬਰਫ ਵਿੱਚ...
ਤੇ ਪਾਣੀਆਂ 'ਚ
ਮਿਲ ਜਾਂਦੇ ਨੇ
ਰੁੱਖਾਂ ਦੇ ਸਾਏ...
ਜਿਥੇ ਕਾਇਨਾਤ
ਓਡ ਲੈਂਦੀ ਹੈ
ਸੁਨਹਿਰੀ ਬੱਦਲਾਂ ਦਾ
ਓਡਨ...
ਤੇ ਉਥੋਂ ਹੀ
ਤੁਰ ਪੈਂਦਾ ਹੈ
ਮੇਰੀ ਕਵਿਤਾ ਦਾ ਸਫ਼ਰ
ਚਲ ਮੇਰੇ ਨਾਲ
ਕਦੇ ਆਥਣਾਂ ਦੇ ਘਰ...।

***

## ਅੱਖਰ

ਅੱਖਰ...
ਜੋ ਤੂੰ
ਮੈਨੂੰ ਦਿੱਤੇ
ਮੈਂ ਪੜ੍ਹਿਆ
ਉਹਨਾਂ ਨਾਲ
ਪਰਾ-ਇਤਿਹਾਸਕ
ਉਹ ਸਮਾਂ
ਜਿਸ ਸਮੇਂ
ਸ਼ਾਇਦ
ਕੋਈ ਨਹੀਂ ਸੀ...
ਪਰ ਹਾਂ
ਉਸ ਸਮੇਂ ਵੀ
ਮੌਜੂਦ ਸੀ ਤੇਰੇ ਅੱਖਰ
ਤੇ ਸਾਡਾ ਵਜੂਦ...

ਤੇਰੇ ਅੱਖਰ
ਜਦ ਘੁਲ ਗਏ
ਸਮਿਆਂ ਨਾਲ
ਤੇ ਫਿਰ
ਇਹਨਾਂ ਰੰਗਾਂ ਨੇ
ਸਿਰਜ ਦਿੱਤੀ
ਇਹ ਕਾਇਨਾਤ ਸਾਰੀ...
ਸਾਡੀ ਮੁਹੱਬਤ ਨੇ ਹੀ
ਸਿਰਜਿਆ ਰੱਬ ਦਾ ਵਜੂਦ...
ਤੇ ਇਸ਼ਕ ਦਾ ਰੁਤਬਾ...
ਚੱਲ ਆਪਾਂ
ਹੁਣ ਫਿਰ
ਅੱਖਰਾਂ ਤੋਂ
ਵਿਹਲ ਮੰਗਦੇ ਹਾਂ...

***

## ਮੇਰੇ ਨਾਲ ਤੁਰੀਂ

ਦੋ ਕਦਮ ਵੀ ਤੁਰ ਸਕਿਆ ਤਾਂ
ਤੂੰ ਵੀ ਮੇਰੇ ਨਾਲ ਤੁਰੀਂ
ਉਮਰ ਦੇ ਖਾਲੀ ਸਫਿਆਂ ਉਤੇ
ਸਮਿਆਂ ਵਾਲੀ ਚਾਲ ਤੁਰੀਂ।

ਹਨੇਰੇ ਪੰਧ 'ਤੇ ਸੁਪਨੇ ਬੀਜਣ,
ਜਾਣਾ ਮੈਨੂੰ ਸ਼ੌਂਕ ਬੜਾ
ਪਰ ਤੂੰ ਮੇਰੇ ਅੱਗੇ-ਅੱਗੇ,
ਲੈ ਕੇ ਪਿਆਰ ਮਸ਼ਾਲ ਤੁਰੀਂ।

ਇੱਕ ਦੂਰ ਚੁਰਾਹੇ ਉੱਤੇ,
ਉਹਦੇ ਜਜ਼ਬਾਤਾਂ ਦੀ ਲਾਸ਼ ਪਈ,
ਅਣਦੇਖਾ ਕਰ ਜਾਣ ਤੋਂ ਪਹਿਲਾਂ
ਪੁੱਛ ਕੇ ਉਹਦਾ ਹਾਲ ਤੁਰੀਂ...

ਖਤ ਲਿਖਕੇ ਫਿਰ ਫਾੜਨ ਨੂੰ,
ਦਿਲ ਤੇਰਾ ਜੇ ਕਰਦਾ ਹੈ,
ਮੇਰੇ ਭੇਜੇ ਖਤ 'ਸਿੰਮੀ' ਤੂੰ
ਉਸ ਤੋਂ ਪਹਿਲਾਂ ਬਾਲ ਤੁਰੀਂ...।

***

# ਪ੍ਰੀਤ ਕਹਾਣੀ

ਉਸ ਮੋੜ ਤੋਂ ਤੁਰੀ, ਸਾਡੀ 'ਪ੍ਰੀਤ' ਕਹਾਣੀ ਨੂੰ,
ਅੱਜ ਸ਼ਬਦਾਂ ਨੂੰ ਅਰਪਨ ਕੀਤਾ, ਉਸ ਨਿਸ਼ਾਨੀ ਨੂੰ।

ਉਹਦੇ ਸ਼ਹਿਰ ਹੰਢਾਈ, ਨਿੱਘੀ ਧੁੱਪ ਨੂੰ,
ਮੇਰੇ ਗਰਾਂ ਦੀ ਜੂਹ 'ਚ, ਪਸਰੀ ਉਹਦੀ ਚੁੱਪ ਨੂੰ।

ਨਹਿਰ ਦੇ ਕੰਢੇ ਖੜ੍ਹਕੇ ਮਾਰੀਆਂ ਹਾਕਾਂ ਨੂੰ,
ਉਹਦੇ ਨਾਂ ਲਿਖੀਆਂ ਸਭ ਪ੍ਰਭਾਤਾਂ ਨੂੰ।

ਬ੍ਰਿਹੋਂ ਦੀ ਅੱਗ 'ਚ ਭਿੱਜੀਆਂ ਸਭ ਬਰਸਾਤਾਂ ਨੂੰ,
ਲਿਖ ਕੇ ਕਾਗਜ਼ 'ਤੇ ਕਮਲੀਆਂ ਹੋਈਆਂ ਰਾਤਾਂ ਨੂੰ।

ਉਸਦੀ ਵਾਟ 'ਚ ਢੋਏ ਨਿਰੇ ਹਨੇਰੇ ਨੂੰ
ਜਾਗਦੀਆਂ ਅੱਖਾਂ ਨਾਲ ਮਿਲੇ ਸਵੇਰੇ ਨੂੰ।

ਉਸਦੇ ਦਿੱਤੇ ਸੁੱਕੇ ਅੱਜ ਗੁਲਾਬਾਂ ਨੂੰ,
ਉਸਦਾ ਨਾਂ ਲਿਖ ਭਰੀਆਂ ਹੋਈਆਂ ਕਿਤਾਬਾਂ ਨੂੰ।

ਸ਼ਹਿਰ ਉਹਦੇ ਵੱਲ, ਭੇਜੀਆਂ ਕੁਝ ਹਵਾਵਾਂ ਨੂੰ,
ਇੱਕ-ਇੱਕ ਕਰਕੇ ਖੁਰੀਆਂ ਸਭ ਵਫਾਵਾਂ ਨੂੰ।

ਤਸਵੀਰ ਉਹਦੀ 'ਚ ਭਰੇ, ਸਾਰਿਆਂ ਰੰਗਾਂ ਨੂੰ,
ਪਿਆਰ ਮਾਪਦੇ ਤੋੜੀਆਂ ਕੱਚੀਆਂ ਵੰਗਾਂ ਨੂੰ।

ਮੇਰੇ ਇਕ ਵੀ ਹੰਝੂ ਤੇ ਉਸ ਹਾਰੇ ਨੂੰ,
ਕਿੰਝ ਭੁੱਲ ਜਾਵਾਂ ਮੈਂ ਉਸ ਯਾਰ ਪਿਆਰੇ ਨੂੰ।

ਅੱਖ ਮੇਰੀ 'ਚੋਂ, ਹੰਝੂ ਜਦ ਵੀ ਡੁੱਲ੍ਹਦਾ ਸੀ,
ਆਪਣੇ ਸਾਰੇ ਦਰਦ ਉਹ ਥਾਏਂ ਭੁੱਲਦਾ ਸੀ।

ਹਥੇਲੀ 'ਚ ਭਰੇ ਨੀਰ ਵਾਂਗ ਉਹ ਡੁੱਲ੍ਹ ਗਿਆ
ਸ਼ਾਇਦ ਉਸਨੂੰ ਹੁਣ 'ਸਿੰਮੀ' ਦਾ ਚੇਤਾ ਭੁੱਲ ਗਿਆ।

***

## ਗ਼ਜ਼ਲ

ਇੱਕ ਪੱਥਰ ਤੇ ਲਿਖਾਂਗੀ ਤੇਰੇ ਨਾਂ ਦੀ ਦਾਸਤਾਂ।
ਜਾਂ ਲਿਖਾਂਗੀ ਤੇਰੇ ਤੇ ਮੇਰੇ, ਗਰਾਂ ਦੀ ਦਾਸਤਾਂ।

ਤਾਰੀਖ ਅੱਜ ਦੀ ਲਿਖਾਂਗੀ, ਅੰਬਰ ਦੇ ਮੁੱਖ 'ਤੇ,
ਫਿਰ ਬਣ ਜਾਏਗੀ ਇਹ, ਆਸਮਾਂ ਦੀ ਦਾਸਤਾਂ।

ਗੂੰਗੇ ਲਫ਼ਜ਼ ਕਦ ਤੱਕ, ਪੜ੍ਹ ਪੜ੍ਹ ਕੇ ਰੋਵੇਂਗਾ,
ਕਦੇ ਸੁਣ ਲੈ ਆ ਕੇ ਮੇਰੀ, ਜ਼ੁਬਾਂ ਦੀ ਦਾਸਤਾਂ।

ਤੇਰੇ ਪਿਆਰ ਦਾ ਦੀਵਾ ਬਾਲ ਕੇ, ਅੰਬਰ 'ਤੇ ਧਰਿਆ ਏ,
ਜਿਥੇ ਲਿਖੀ ਜਾਂਦੀ ਏ, ਰੂਹਾਂ ਦੀ ਦਾਸਤਾਂ।

ਖੁਦਗਰਜ਼ੀ, ਖੁਦਫਰੇਬੀ ਵਿੱਚ ਗੁਆਚ ਰਿਹੈ ਜੋ,
ਸਿੰਮੀ ਕੀ ਸੁਣਾਏ, ਉਸ ਇਨਸਾਂ ਦੀ ਦਾਸਤਾਂ?

***

## ਗ਼ਜ਼ਲ

ਵਾਦੇ ਤੋਂ ਮੁਕਰ ਗਏ, ਕਿਸੇ ਝੂਠੇ ਗਵਾਹ ਵਰਗੇ।
ਰਾਹਾਂ ਵਿੱਚ ਭਟਕ ਗਏ, ਉਹ ਯਾਰ ਹਵਾ ਵਰਗੇ।

ਦੇ ਪੀੜਾਂ ਸੀਨੇ ਨੂੰ, ਪੰਛੀ ਬਣ ਉਡ ਗਏ ਨੇ,
ਸਾਨੂੰ ਚੰਗੇ ਲਗਦੇ ਨੇ, ਕੁਝ ਮਰਜ ਦੁਆ ਵਰਗੇ।

ਤੇਰਾ ਨਾਂ ਹੀ ਲੱਭਦੇ ਆਂ, ਹੱਥਾਂ ਦੀਆਂ ਲੀਕਾਂ ’ਚੋਂ,
ਸ਼ਾਇਦ ਮਿਲ ਜਾਵਣ ਉਹ ‘ਦੋ ਲਫ਼ਜ਼’ ਖ਼ੁਦਾ ਵਰਗੇ।

ਤੇਰੇ ਹੋਠਾਂ ’ਤੇ ਜੋ ਧਰ ਜਾਨੀ ਆਂ, ਚੁੱਪ-ਚੁਪੀਤੇ,
ਸਾਂਭ ਕੇ ਰੱਖੀਂ ਚੁੰਮਣ, ਉਹ ਸੱਜਰੀ ਸੁਭਾ ਵਰਗੇ।

ਤੇਰੀ ਵਾਟ ਤਾਂ ਮੁੱਕਣੀ ਏ ਸਿੰਮੀ ਤੱਕ ਜਾ ਕੇ,
ਉਥੇ ਈ ਭਰਨੇ ਜ਼ਖ਼ਮ, ਡੂੰਘੇ ਖਲਾਅ ਵਰਗੇ।

***

## ਮੈਨੂੰ ਕਵਿਤਾ ਛੂਹ ਲੈਂਦੀ ਹੈ

ਅਕਸਰ ਜਦ ਤੂੰ ਯਾਦ ਆਉਨਾ ਏਂ
ਬਹੁਤ ਪੁਰਾਣੇ ਖਤ ਦੇ ਵਾਂਗੂੰ
ਮਹਿਕ ਵਿਹੂਣੇ ਪੱਤਿਆਂ ਵਾਂਗਰ
ਸਫਿਆਂ ਦੀ ਖੜ ਖੜ ਦੇ ਵਾਂਗਰ
ਬਰਫਾਂ ਦੀ ਉਸ ਚਾਦਰ ਵਾਂਗੂੰ,
ਤੇਰਾ ਅਕਸ ਵੀ ਧੁੰਧਲਾ ਜਾਪੇ,
ਕਿਉਂ ਫਿਰ ਤੋਂ ਮੈਨੂੰ ਮਾਰੀ ਜਾਂਦੇ,
ਤੇਰੇ ਰੋਸੇ, ਮੇਰੇ ਇਕਲਾਪੇ...

ਮੈਂ ਤੈਨੂੰ ਹੁਣ ਮਿਲ ਨਾ ਸਕਦੀ,
ਕਿਉਂ ਬੇਬਸ ਜਿਹਾ ਹੋਇਆ ਰਹਿਨੈਂ,
ਬੜੀ ਪੁਰਾਣੀ ਗੱਲ ਦੇ ਵਾਂਗਰ,
ਤੂੰ ਵੀ ਹੁਣ ਝੁਰਿਆ ਨਾ ਕਰ,
ਬੇਵਜ੍ਹਾ ਹੁਣ ਲੂਣ ਦੇ ਵਾਂਗਰ,
ਹਰ ਪਾਣੀ ਵਿੱਚ ਖੁਰਿਆ ਨਾ ਕਰ।

ਦੇਖ ਮੈਂ ਹੁਣ ਨਹੀਂ ਤੇਰੇ ਜੋਗੀ,
ਹਾਲ ਨਾ ਕਰ ਹੁਣ ਵਾਂਗ ਵਿਯੋਗੀ
ਮੇਰੇ ਇਸ਼ਕ ਕਿਤਾਬ ਦੇ ਵਰਕੇ
ਭੁਰ ਗਏ ਨੇ ਹੋਰਾਂ ਦੀ ਝੋਲੀ।

ਜਦ ਤੋਂ ਛੱਡਿਆ ਮਾਂ ਦਾ ਵਿਹੜਾ
ਜਦ ਤੋਂ ਚੜ੍ਹ ਗਈ ਗੈਰ ਦੀ ਡੋਲੀ...

ਪਹਿਲਾਂ ਵਾਲੀ ਬਾਤ ਰਹੀ ਨਾ,
ਮੈਂ ਹੁਣ ਤੇਰਾ ਸਾਕ ਰਹੀ ਨਾ,
ਬੜਾ ਸਮੇਂ ਨੂੰ ਮੈਂ ਕੋਸਿਆ

ਫਿਰ ਹੁਣ ਕਾਹਦੇ ਰੋਸੇ, ਗੁੱਸੇ,
ਤੂੰ ਵੀ ਕਰ ਪਰਿਕਰਮਾ ਅੱਗ ਦੀ,
ਸ਼ਾਇਦ ਰਹੇ ਕੋਈ ਰੀਝ ਨਾ ਮੱਘਦੀ...
ਮੈਂ ਹੁਣ ਮਾਹੀ ਉਹ ਵਾਟ ਰਹੀ ਨਾ,
ਜਿੱਥੇ ਤੇਰੀ ਪੈੜ ਦੀ ਦਸਤਕ
ਸੂਹਾ ਸੱਜਰ ਫੁੱਲ ਮੈਂ ਬਣਕੇ,
ਰੱਤੀ ਹੋਈ ਰੁੱਤ ਮੈਂ ਬਣਕੇ,
ਸੂਰਜ ਦੀ ਆਥਣ ਦੇ ਵਿਹੜੇ,
ਰੋਜ਼ ਜਿਹਨੂੰ ਮੈਂ ਤੱਕਦੀ ਸੀ...

ਆਪਾਂ ਹੁਣ ਉਹ ਗੀਤ ਮੁਕਾਈਏ,
ਰਲ ਕੇ ਫਿਰ ਵਿਛੋੜਾ ਗਾਈਏ।
ਤੂੰ ਜੇ ਤੁਰ ਪ੍ਰਦੇਸ ਨਾ ਜਾਂਦਾ,
ਮੇਰੇ ਗਰਾਂ ਨੂੰ ਫਿਰ ਕੌਣ ਪਰਤਾਂਦਾ ?
ਮੇਰਾ ਗਰਾਂ ਤੇਰਾ ਰੈਣ ਬਸੇਰਾ,
ਤੂੰ ਸੀ ਮੁਰਸ਼ਿਦ ਰੱਬ ਵੀ ਮੇਰਾ।
ਚਲ ਹੁਣ ਵਿਹਲ ਖਤਾਂ ਤੋਂ ਲਈਏ,
ਇਕ ਦੂਜੇ ਤੋਂ ਵਾਂਝੇ ਰਹੀਏ।

***

## ਗ਼ਜ਼ਲ

ਇਸ਼ਕ ਮੇਰੇ ਦਾ ਚਰਚਾ ਸ਼ਰੇਆਮ ਹੈ,
ਇੱਕ ਬੇਦੋਸ਼ੇ ਹੰਝ ਦੇ ਨਾਂ ਇਲਜ਼ਾਮ ਹੈ।

ਨੈਣਾਂ ਨੂੰ ਜੋ ਭਰ ਭਰ ਕੇ ਕਦੇ ਰੋਂਦਾ ਸੀ,
ਅੱਜ ਹਰ ਨਦੀ ਦਾ ਪਾਣੀ ਉਸਦੇ ਨਾਮ ਹੈ।

ਹਰਫਾਂ ਦੀ ਇਹ ਮਾਲ਼ਾ ਕਿਸਨੇ ਭੇਜੀ ਹੈ,
ਪੌਣ ਦੇ ਹੱਥ ਆਇਆ, ਕੀਹਦਾ ਪੈਗਾਮ ਹੈ ?

'ਸਿੰਮੀ' ਦੇ ਹਿੱਸੇ ਆਈ ਬਸ ਏਨੀ ਕੁ ਵਫ਼ਾ,
ਉਮਰ ਦੇ ਲੰਮੇ ਪੰਧ 'ਤੇ ਢਲਦੀ ਸ਼ਾਮ ਹੈ।

***

## ਕੁਝ ਅਣਕਿਹਾ

ਜ਼ਿੰਦਗੀ
ਕੁਝ ਲੱਭਣ ਦਾ
ਯਤਨ ਕਰਦੀ ਹੈ
ਕਦੇ ਆਲ੍ਹਣੇ 'ਚ
ਪਏ ਨਿੱਕੇ-ਨਿੱਕੇ
ਬੋਟਾਂ ਨੂੰ...
ਦਾਣੇ ਖਵਾਉਂਦੀ
ਉਹਨਾਂ ਦੀ
ਮਾਂ ਦੀ ਮਮਤਾ ਵਿਚੋਂ
ਜ਼ਿੰਦਗੀ ਕੁਝ
ਭਾਲਣ ਦਾ ਯਤਨ ਕਰਦੀ ਹੈ...
ਕਦੇ ਕਦੇ
ਪੂਰਬ ਤੋਂ ਪੱਛਮ ਤੱਕ
ਚੱਕਰ ਲਾਉਂਦੇ
ਸੂਰਜ ਦੀ ਜਗਿਆਸਾ ਵਿਚੋਂ
ਜ਼ਿੰਦਗੀ ਕੁਝ ਲੱਭਣ ਦਾ
ਯਤਨ ਕਰਦੀ ਹੈ...
ਤਾਰੀਖ ਦਰ ਤਾਰੀਖ
ਬਦਲਦੇ ਕੈਲੰਡਰਾਂ
ਤੇ ਸਾਲਾਂ 'ਚ
ਸਿਮਟ ਜਾਂਦੇ
ਹਸੀਨ ਪਲਾਂ ਵਿਚੋਂ
ਜ਼ਿੰਦਗੀ ਕੁਝ
ਭਾਲਣ ਦਾ
ਯਤਨ ਕਰਦੀ ਹੈ...

***

## ਮੁਰਾਦ

ਤੂੰ ਮੁਰਾਦ
ਕਿਉਂ ਨਹੀਂ ਮੰਗਦਾ?
ਮੇਰੀ ਖਾਤਿਰ,
ਅੰਬਰ ਦੀ ਬੁੱਕਲ ਵਿੱਚ
ਦੇਖ ਕਿੰਨੇ ਤਾਰੇ
ਰੋਜ਼ ਟੁੱਟਦੇ ਨੇ
ਸ਼ਾਇਦ ਮੈਂ ਵੀ
ਕਦੇ ਕਿਸੇ
ਤਾਰੇ ਦੀ ਗੋਦ 'ਚ
ਮੁਰਾਦ ਜਿਹਾ
ਪਵਿੱਤਰ-ਪਾਕ
ਅਹਿਸਾਸ ਹੋਵਾਂ
ਹਨੇਰੇ ਤੋਂ ਲੈ ਕੇ
ਚਾਨਣ ਦੀ ਬੀਹੀ ਤੱਕ
ਮੈਂ ਹਵਾ ਜਿਹਾ
ਗੁਬਾਰ ਬਣਕੇ ਉੱਡਦੀ ਹਾਂ
ਫਿਰ ਕਿੰਝ ਤੂੰ
ਮੈਨੂੰ ਰੰਗਾਂ ਵਿੱਚ ਭਰ
ਲੈਂਦਾ ਏਂ...
ਤੇ ਆਪਣਿਆਂ
ਗੀਤਾਂ ਵਿੱਚ
ਰਚ ਦਿੰਦਾ ਏਂ...
ਫਿਰ ਕਿਉਂ ਨਹੀਂ
ਮੰਗਦਾ
ਤੂੰ ਮੈਨੂੰ
ਕਿਸੇ ਤਾਰੇ ਕੋਲੋਂ...
ਸ਼ਾਇਦ ਮੈਂ ਕਿਸੇ
ਪੀਰ-ਫਕੀਰ ਦੀ ਦੁਆ ਹੋਵਾਂ
ਤੇ ਕਬੂਲ ਹੋ ਜਾਵਾਂ...!!

***

## ਤੇਰਾ ਅਹਿਸਾਸ

ਤੇਰੇ ਸੁੱਚੇ ਅਹਿਸਾਸ ਦਾ
ਉਹ ਸੁੱਚਾ ਜਿਹਾ
ਪਲ
ਅਚਾਨਕ ਹੀ ਵਾਪਰਿਆ
ਜਿਉਂ ਭੀੜਾਂ ਵਿੱਚ
ਟਕਰਾ ਜਾਂਦੀ ਹੈ
ਕਦੇ-ਕਦੇ
ਕਿਸੇ
ਅਜਨਬੀ ਨਾਲ
ਨਜ਼ਰ...

ਕੁਝ ਅਜਨਬੀ
ਕੁਝ ਆਪਣਾ
ਫੇਰ ਸਭ ਕੁਝ
ਫਨਾਹ ਹੋਇਆ
ਸਾਂਝਾ ਜਿਹਾ ਦਰਦ
ਤੇ ਸੀਨੇ ਅੰਦਰ
ਜਿਉਂ ਮਿਲ ਗਈ ਹੋਵੇ
ਦਰਦ ਨੂੰ ਜ਼ੁਬਾਨ...
ਕਿੰਨਾ ਹੀ ਕੁਝ
ਇੱਕ ਪਲ ਵਿੱਚ
ਸਿਮਟ ਗਿਆ...
ਤੂੰ ਸੀ,
ਮੈਂ ਸੀ

ਤੇ ਸਾਡੀ ਪਹਿਲੀ ਤੱਕਣੀ...
ਪਹਿਲੀ ਤੱਕਣੀ...
ਯਾਦ ਜਿਉਂ ਭਰਕੇ
ਮੇਰੀ ਮੁੱਠੀ 'ਚ
ਆ ਗਈ...
ਮੁੱਠੀ ਨੂੰ ਖੋਲ੍ਹਣ ਤੋਂ
ਮੈਂ ਡਰੀ
ਕਿ ਕਿਤੇ ਤੇਰੀ
ਯਾਦ ਕਿਰ ਨਾ ਜਾਵੇ
ਫਿਰ ਸੋਚਿਆ
ਅਹਿਸਾਸ ਬਣਦੇ ਨੇ
ਟੁੱਟਦੇ ਨੇ
ਫਨਾਹ ਹੁੰਦੇ ਨੇ
ਕੁਝ ਪਲ ਲਈ
ਪਰ ਕੈਦ ਨਹੀਂ ਰਹਿੰਦੇ
ਮੁੱਠੀ ਵਿੱਚ...!!

***

## ਗ਼ਜ਼ਲ

ਤੇਰੇ ਨਾਂ ਨਾਲ ਮੇਰਾ ਨਾਂ ਜੁੜਿਆ,
ਫਿਰ ਤੇਰਾ ਸ਼ਹਿਰ, ਮੇਰਾ ਗਰਾਂ ਜੁੜਿਆ।

ਹੁਣ ਇਸ਼ਕ-ਕਿਤਾਬੇ ਉਤੇ ਜੀ
ਇਕ ਅਧਿਆਇ ਨਵਾਂ ਜੁੜਿਆ।

ਮੈਨੂੰ ਕਵਿਤਾ ਕਹਿੰਦੀ-ਕਹਿੰਦੀ ਨੂੰ,
ਤੇਰਾ ਇੱਕ ਹੁੰਗਾਰਾ ਆ ਜੁੜਿਆ।

ਸਾਡੀ ਰੂਹਾਂ ਦਾ ਜੋ ਮੇਲ ਹੋਇਆ,
ਲੋਕੀਂ ਪੁੱਛਦੇ ਨੇ ਕਿਸ ਤਰ੍ਹਾਂ ਜੁੜਿਆ?

ਤੇਰਾ ਹਾਸਾ 'ਸਿੰਮੀ' ਲਈ ਬਖ਼ਸ਼ਿਸ਼ ਹੈ,
ਮੇਰਾ ਦਿਲ ਤੇਰੇ ਨਾਲ ਤਾਂ ਜੁੜਿਆ?

***

## ਸਾਲਾਂ ਬਾਦ...

ਇਕ ਸਮੁੰਦਰ ਖਾਰੇ ਹੰਝੂਆਂ ਦਾ,
ਇੱਕ ਦਰਿਆ ਸੀ ਤਨਹਾਈਆਂ ਦਾ
ਮੈਂ ਪੀੜਾਂ ਲੈ ਤੇਰੇ ਦਰ ਉਤੋਂ
ਤੇਰੇ ਸ਼ਹਿਰ ਨੂੰ ਸਜਦਾ ਕੀਤਾ ਸੀ...

ਤੂੰ ਰੋਂਦਾ ਸੀ ਜਿਉਂ ਵਰ੍ਹਦਾ ਬੱਦਲ,
ਅਚਨਚੇਤ ਈ ਫੱਟ ਜਾਵੇ।
ਜੀਕਰ ਕੋਈ ਅਣਹੋਣੀ
ਨਾ ਚਾਹੁੰਦੇ ਹੋਏ ਵੀ ਘੱਟ ਜਾਵੇ...

ਤੂੰ ਕੌਣ ਸੀ ਮੇਰਾ ਤੇ ਕੀ ਰਿਸ਼ਤਾ?
ਮੈਂ ਅਜੇ ਵੀ ਸਮਝਣੋਂ ਫਾਨੀ ਆਂ,
ਮੈਂ ਹਾਲੇ ਵੀ ਵਿਚ ਹਾਂ ਭਰਮਾਂ ਦੇ,
ਕੀ ਅਜੇ ਵੀ ਤੈਨੂੰ ਚਾਹੁੰਨੀ ਆਂ।

ਇਹ ਸਮਾਂ ਜੋ ਬੀਤੇ ਸਾਲਾਂ ਵਿੱਚ
ਕਿੱਥੇ ਕੁ ਜਾ ਕੇ ਲੁੱਕਦਾ ਹੈ,
ਮੈਂ ਪੈੜ ਤੇਰੀ ਪਈ ਲੱਭਦੀ ਆਂ,
ਪਰ ਸਮਾਂ ਨਾ ਚੰਦਰਾ ਰੁੱਕਦਾ ਹੈ...

ਤੂੰ ਔਸੀਆਂ ਘੱਲ ਫਿਰ ਖਤ ਰਾਹੀਂ
ਮੈਂ ਫਿਰ ਤੋਂ ਰੋਣਾ ਚਾਹੁੰਨੀ ਹਾਂ
ਮੇਰੀ ਮੁੱਠੀ ਤੇ ਇੱਕ ਧਰ ਸਦਮਾ
ਮੈਂ ਤੈਨੂੰ ਫਿਰ ਤੋਂ ਖੋਹਣਾ ਚਾਹੁੰਨੀ ਆਂ...

***

## ਗ਼ਜ਼ਲ

ਉਦੋਂ ਯਾਰਾ ਤੂੰ ਤੇ ਮੈਂ ਵੀ ਕੁਝ ਹੋਰ ਸੀ,
ਜਦੋਂ ਸਾਨੂੰ ਤੇਰੀਆਂ, ਮੁਹੱਬਤਾਂ ਦੀ ਲੋੜ ਸੀ।

ਵਾਂਗ ਕੋਰੇ ਕਾਗਜ਼ਾਂ ਦੇ, ਖਾਲੀ ਸਫ਼ੇ ਦਿਲ ਦੇ,
ਸਾਡੀਆਂ ਜ਼ੁਬਾਨਾਂ ਉੱਤੇ, ਲਫ਼ਜ਼ਾਂ ਦੀ ਥੋੜ੍ਹ ਸੀ।

ਥਲਾਂ ਦੇ ਤੱਤੇ ਰੇਤ ਉੱਤੇ, ਸਦਾ ਰਹੇ ਤੁਰਦੇ,
ਤਪਦੀ ਜ਼ਮੀਨ ਉੱਤੇ, ਤੇਰੇ ਘਰ ਦਾ ਮੋੜ ਸੀ।

ਪਹੁੰਚਣਾ ਜ਼ਰੂਰ ਸੀ, ਤੇਰੇ ਸ਼ਹਿਰ ਦੀ ਜੂਹ ਤੱਕ,
ਸੀਨੇ ਵਿੱਚ ਗਮ ਸੀ ਤੇ ਪੈਰਾਂ ਹੇਠ ਰੋੜ੍ਹ ਸੀ।

ਰੱਬ ਜਿਹਾ ਬੰਦਾ ਬਸ, 'ਸਿੰਮੀ' ਲਈ ਉਹ ਸੀ,
ਉਂਝ ਭਾਵੇਂ ਦੁਨੀਆਂ 'ਤੇ, ਲੋਕ ਲੱਖੀਂ ਕਰੋੜ ਸੀ।

***

## ਮੁਰਾਦਾਂ

ਮੰਗੀਆਂ ਮੁਰਾਦਾਂ ਵਿੱਚੋਂ ਤੈਨੂੰ ਲੱਭ ਲੈਂਦੀ
ਮੈਂ ਏਨੀ ਵੀ ਨਹੀਂ ਰੱਬੀ ਦਰਗਾਹ ਮੰਨੀਦੀ।

ਸਾਨੂੰ ਵੀ ਤਾਂ ਆਉਂਦੈ ਜੀ, ਮਾੜਾ ਚੰਗਾ ਬੋਲ
ਪਰ ਹਾਲੇ ਤੱਕ ਤੇਰੀ ਪਰਵਾਹ ਮੰਨੀਦੀ।

ਪਾਕ ਜਿਹੇ ਰਿਸ਼ਤੇ ਨੂੰ, ਖਾਕ ਨਾ ਤੂੰ ਕਰ,
ਮੈਂ ਅੱਲ੍ਹਾ ਜਾਂ ਫਕੀਰ ਦੀ ਨਿਗਾਹ ਮੰਨੀਦੀ।

ਜੇ ਤੂੰ ਮੱਥੇ ਨਾਲ ਲਾਵੇਂ, ਤੇਰੇ ਭਾਗ ਬਣ ਜਾਵਾਂ
ਜੇ ਤੂੰ ਪੈਰਾਂ ਵਿੱਚ ਰੋਲ਼ੇ, ਤਾਂ ਸੁਆਹ ਮੰਨੀਦੀ।

ਮੈਨੂੰ ਪੱਥਰਾਂ 'ਚੋਂ, ਗੀਟਿਆਂ 'ਚੋਂ ਲੱਭਦਾ ਕਿਉਂ ਰਹਿਨੈਂ,
ਮੈਂ ਤਾਂ ਸਾਗਰਾਂ ਦੇ ਪਾਣੀਆਂ ਦੀ ਥਾਹ ਮੰਨੀਦੀ।

***

## .ਗਜ਼ਲ

ਮਹਿਰਮ ਦਿਲਾਂ ਦੇ ਜਾਨੀ, ਜਰਾ ਹੌਂਸਲਾ ਤਾਂ ਕਰ।
ਬਿਨ ਤੇਰੇ ਮਰ ਜਾਵਾਂ, ਏਨਾ ਫਾਸਲਾ ਨਾ ਕਰ।

ਤੁਰਦਾ ਰਵੇ ਸਫ਼ਰ, ਤੇਰੇ ਸ਼ਹਿਰ ਤੀਕ ਦਾ,
ਮੈਂ ਡੋਲ ਨਾ ਕਿਤੇ ਜਾਵਾਂ, ਜ਼ਰਾ ਰਾਬਤਾ ਤਾਂ ਕਰ।

ਲਿਖਦੀ ਰਹੀ ਹਾਂ ਕਵਿਤਾ, ਤੇਰੇ ਨਾਮ ਦੀ ਅਕਸਰ,
ਤੂੰ ਵੀ ਕਦੇ ਨਾਂ ਮੇਰੇ, ਕੋਈ ਫਲਸਫਾ ਤਾਂ ਕਰ।

ਗੱਲ ਅਕਸਰ ਠੀਕ ਹੁੰਦੀ, ਰੂ-ਬ-ਰੂ ਆਖਿਰ,
ਤੂੰ ਦੋਸਤਾਂ 'ਚ ਮੇਰਾ, ਸ਼ਰੇਆਮ ਚਰਚਾ ਨਾ ਕਰ।

ਬੜੇ ਮੌਕਿਆਂ 'ਤੇ ਪਰਖਦਾ, ਰਿਹਾ ਏਂ ਪੈਰ-ਪੈਰ,
ਕਿੰਨੀ ਕੁ ਹਾਂ ਖਰੀ, ਜ਼ਿਕਰ ਜ਼ਰਾ ਤਾਂ ਕਰ।

***

## ਗ਼ਜ਼ਲ

ਤਸਵੀਰ ਤੇਰੀ ਦੇ ਰੰਗਾਂ ਵਰਗੇ,
ਸੋਹਣੀ ਕੱਚ ਦੀਆਂ ਵੰਗਾਂ ਵਰਗੇ।

ਤੇਰੇ ਹਾਸੇ ਕਿਥੋਂ ਲੱਭਾਂ,
ਤ੍ਰਿਕਾਲਾਂ ਦੀਆਂ ਸੰਗਾਂ ਵਰਗੇ।

ਆਉਂਦੇ ਮੈਨੂੰ ਵੀ ਤੌਰ-ਤਰੀਕੇ,
ਐਪਰ ਤੇਰਿਆਂ ਢੰਗਾਂ ਵਰਗੇ।

ਜਿਉਂ ਡੋਰ ਟੁੱਟੀ ਤੋਂ ਉੱਡ-ਪੁੱਡ ਜਾਂਦੇ,
ਹਾਸੇ ਤੇਰੇ ਪਤੰਗਾਂ ਵਰਗੇ।

ਦੌਲਤ ਦਿਲ ਦੀ ਵੇਚ ਕੇ ਖਾ ਗਏ,
ਤੇਰੇ ਯਾਰ ਮਲੰਗਾਂ ਵਰਗੇ।

***

## ਗ਼ਜ਼ਲ

ਤੂੰ ਨਹੀਂ ਤਾਂ ਹੋਰ ਬੜੇ ਨੇ
ਫਿਰ ਰਿਸ਼ਤੇ ਕਮਜ਼ੋਰ ਬੜੇ ਨੇ।

ਹਰਖ ਅਸਾਡਾ ਵੀ ਨਹੀਂ ਘੱਟ,
ਤੇ ਸੱਜਣ ਵੀ ਮੂੰਹ ਜ਼ੋਰ ਬੜੇ ਨੇ।

ਬਦਲ ਮਨਾ ਤੂੰ ਵੀ ਤਾਂ ਆਖਿਰ,
ਬਦਲੇ ਹੁਣ ਤਾਂ ਦੌਰ ਬੜੇ ਨੇ।

ਚਲ ਜੰਗਲ ਤੋਂ ਚੁੱਪ ਮੰਗੀਏ,
ਤੇਰੇ ਸ਼ਹਿਰ ਤਾਂ ਸ਼ੋਰ ਬੜੇ ਨੇ।

ਲੱਗਦਾ ਵਰ੍ਹ ਜਾਵਣਗੇ ਅੱਜ ਤਾਂ,
ਬੱਦਲ ਇਹ ਘਨਘੋਰ ਬੜੇ ਨੇ।

ਮੈਨੂੰ ਨਦੀ ਤਾਂ ਬਣਨੈ ਪੈਣਾ,
ਆਉਂਦੇ ਉਸਨੂੰ ਤੌਰ ਬੜੇ ਨੇ।

ਸੱਜਰ ਖਿੜਿਆ ਫੁੱਲ ਬਚਾਈਂ
ਫਿਰਦੇ ਅੱਜਕੱਲ ਭੌਰ ਬੜੇ ਨੇ।

***

## ਗ਼ਜ਼ਲ

ਨਿੱਤ ਈ ਜਿਹੜਾ ਗਰਕ ਰਿਹਾ ਏ।
ਰੱਬ ਬੰਦੇ ਨੂੰ ਪਰਖ ਰਿਹਾ ਏ।

ਹੁਣ ਉਹ ਸੱਜਣ ਆਪਣਾ ਨਹੀਂ ਹੈ,
ਨਾ ਕਦੂਰਤ ਨਾ ਉਹ ਹਰਖ ਰਿਹਾ ਏ।

ਸਭ ਇਕੋ ਮਿੱਟੀ ਗੁੰਨੇ ਜਾਂਦੇ,
ਨਾ ਚੰਗੇ-ਬੁਰੇ ਦਾ ਫਰਕ ਰਿਹਾ ਏ।

ਇਹ ਸਮਾਂ ਜੋ ਸਭ ਤੇ ਬੀਤੇ,
ਬਣਦਾ ਜਾਂਦਾ ਨਰਕ ਰਿਹਾ ਏ।

ਪੱਤ ਬੇਪੱਤ ਹੋ ਰਹੀ ਆਖਿਰ,
ਹਰ ਰਿਸ਼ਤਾ ਈ ਜਰਕ ਰਿਹਾ ਏ।

ਕੁਦਰਤ ਤੇ ਲੱਤ ਰੱਖ ਕੇ ਤੁਰਦਾ,
ਜ਼ਿਹਨ ਬੰਦੇ ਦਾ ਠਰਕ ਰਿਹਾ ਏ।

ਮਾਂ-ਬਾਪ ਜਿਹੀ ਦੌਲਤ ਠੁਕਰਾ ਕੇ
ਖੌਰੇ ਹੁਣ ਕੀ ਉਹ ਖਰਚ ਰਿਹਾ ਏ।

ਕੋਸ਼ਿਸ਼ ਕਰਦਾ ਤਾਂ ਜਿੱਤ ਲੈਂਦਾ ਮੈਨੂੰ
ਬਸ ਫੋਕੀ ਲਾਉਂਦਾ ਸ਼ਰਤ ਰਿਹਾ ਏ।

ਦਿਲ ਤਾਂ ਬੰਦੇ ਕੋਲ ਰਿਹਾ ਨਾ,
ਇਹ ਸੀਨੇ ਵਿੱਚ ਕੀ ਧੜਕ ਰਿਹਾ ਏ।

***

## ਵੇ ਸੱਜਣਾ

ਸੱਜਣਾ ਵੇ ਰੰਗ ਸੁਨਹਿਰੀ ਤੇਰਾ
ਸਾਨੂੰ ਰੋਗ ਇਸ਼ਕ ਗਿਉਂ ਲਾ,
ਬੈਠ ਵਤਨ ਯੌਰੇ ਤੂੰ ਕਿਹੜੇ
ਸਿਰਨਾਵਾਂ ਗਿਉਂ ਮਿਟਾ
ਵੇ ਢੂੰਡਾਂ ਤੈਨੂੰ ਕਿਹੜੇ ਰਾਹ...
ਵੇ ਸੱਜਣਾ ਰੰਗ ਸੁਨਹਿਰੀ ਦਿਆ...

ਬਣ ਤਿਤਲੀ ਉੱਡਦੀ ਹਾਂ
ਤੇਰੀ ਆਸ ਤੇ ਪੁੱਗਦੀ ਹਾਂ...
ਤੈਨੂੰ ਕੀਕਰ ਦੱਸਾਂ ਮੈਂ
ਮੋਤੀ ਹੰਝੂ ਦੇ ਚੁੱਗਦੀ ਹਾਂ।
ਤੇਰੇ ਬਾਗੀਂ ਬੋਲਾਂ ਮੈਂ
ਆ ਕੇ ਬਿਰਹਾ ਗੀਤ ਸੁਣ ਜਾ...
ਵੇ ਸੱਜਣਾ ਰੰਗ ਸੁਨਹਿਰੀ ਦਿਆ...

ਕੋਹਾਂ ਦੀ ਰਾਤ ਪਵੇ
ਨਾ ਦਿਲ ਦੀ ਮੁੱਕਦੀ ਵਾਟ ਪਵੇ
ਜਦ ਤੇਰੀ ਝਾਤ ਪਵੇ
ਤਾਂ ਝੋਲੀ ਖ਼ੈਰਾਤ ਪਵੇ
ਜਦ ਤੇਰੀ ਕੰਨੀਂ ਬਾਤ ਪਵੇ।

ਦਿਲ ਮੇਰਾ ਚੰਦਰਾ ਡੁੱਬੜਾ
ਫਿਰ ਵੀ ਭਰੇ ਹੁੰਗਾਰਾ ਨਾ...
ਵੇ ਸੱਜਣਾ ਰੰਗ ਸੁਨਹਿਰੀ ਦਿਆ...

ਤੇਰੇ ਵਿਯੋਗ 'ਚ ਮੈਂ ਜੋਗਣ
ਹੋਈ ਇਸ਼ਕ ਦੀ ਰੋਗਣ
ਇਹ ਅੰਬਰਾਂ ਦਾ ਓਡਣ
ਤੁਰ ਜਾਵਾਂ ਹੁਣ ਭੋਗਣ
ਤੂੰ ਬਣੇ ਚੰਨ ਦਾ ਟੁਕੜਾ ਜੇ,
ਲਵਾਂ ਰੱਬ ਤੋਂ ਝੋਲੀ ਪਵਾ...
ਵੇ ਸੱਜਣਾ ਰੰਗ ਸੁਨਹਿਰੀ ਦਿਆ...
ਇਹ ਚਿੜੀਆਂ ਜੋ ਚਹਿਕਦੀਆਂ,
ਮੇਰੇ ਵਿਹੜੇ ਮਹਿਕਦੀਆਂ
ਤੈਨੂੰ ਨੇ ਉਡੀਕਦੀਆਂ
ਇਤਿਹਾਸ ਉਲੀਕਦੀਆਂ
ਤੈਨੂੰ ਮਿਲਣੇ ਦੀ ਖਾਤਿਰ
ਮੈਂ ਲਏ ਉਧਾਰੇ ਸਾਹ...
ਵੇ ਸੱਜਣਾ ਰੰਗ ਸੁਨਹਿਰੀ ਦਿਆ
ਤੈਨੂੰ ਢੂੰਡਾਂ ਕਿਹੜੇ ਰਾਹ...

***

## ਦਰਗਾਹੀ ਦੀਵਾ

ਮੰਦਰ ਦਾ ਕਲਸ ਹਾਂ
ਉਸਦੇ ਰਾਹ ਦਾ
ਪੱਥਰ ਹਾਂ...
ਦਰਗਾਹੀ ਦੀਵਾ ਹਾਂ ਤੇ
ਅੰਬਰ ਦੀ ਨੀਲਤਾਈ...
ਦਰਿਆ ਦੀ ਮੌਜ
ਤੇ ਰਾਤ ਦੀ
ਕਾਲਖ ਹਾਂ
ਫਿਰ ਭਲਾ ਕਿਉਂ
ਉਹ ਮੈਨੂੰ
ਰੋਜ਼ ਦੇਖੇਗਾ ?
ਬਸ ਕਦੇ ਕਦੇ
ਇਕ ਨਜ਼ਰ
ਤੱਕਿਆ ਤਾਂ ਕਰੇਂਗਾ
ਤੇ ਅਣਦੇਖਾ ਕਰਕੇ
ਲੰਘ ਜਾਇਆ ਕਰੇਗਾ...
ਕਿਉਂਕਿ
ਪੱਥਰ ਦਾ ਕਦੋਂ
ਧਰਮ ਹੁੰਦੈ...
ਤੇ ਦਰਗਾਹੀ ਦੀਵੇ ਦਾ
ਕੌਣ ਤਲਬਗਾਰ ਹੁੰਦੈ... ?

***

## .ਗ਼ਜ਼ਲ

ਉਦੋਂ ਤੱਕ ਰਹਿਣਾ ਸਿਰਨਾਵਾਂ ਤੇਰਾ ਯਾਦ
ਜਦੋਂ ਤੱਕ ਮਿਲਦਾ ਤੇ ਬਾਤਾਂ ਪਾਉਂਦਾ ਰਹੇਂਗਾ।

ਕੌਣ ਸਾਂਭੂ ਮੇਰੇ ਬਾਦ, ਤੇਰੇ ਗਮਾਂ ਫਿਕਰਾਂ ਨੂੰ,
ਤੂੰ ਵੀ ਦੱਸ ਮੈਨੂੰ ਕਦੋਂ ਤੀਕ ਚਾਹੁੰਦਾ ਰਹੇਂਗਾ।

ਮੋਮ ਬਣ ਜਾਵਾਂ ਜੇ ਤੂੰ ਰੀਸ ਕਰੇਂ ਅੱਗ ਦੀ,
ਸਾਰੀ ਜ਼ਿੰਦਗੀ ਤੂੰ ਮੈਨੂੰ ਪਿਘਲਾਉਂਦਾ ਰਹੇਂਗਾ।

ਪਾਣੀਆਂ ਦੇ ਲਫ਼ਜ਼ਾਂ ਨੂੰ, ਰੱਖ ਕੇ ਜ਼ੁਬਾਨ ਉੱਤੇ,
ਅੱਗ ਵਾਲੇ ਗੀਤ ਕਿਨ੍ਹਾਂ ਲਈ ਗਾਉਂਦਾ ਰਹੇਂਗਾ।

ਇਹ ਤਾਂ ਮੰਦਰਾਂ 'ਚ ਟਿਕ ਕੇ ਵੀ ਪਾਕ ਨਹੀਂ ਹੋਣਾ,
ਜਿਹੜਾ ਦੀਵਾ ਉਹਦੇ ਦਰ 'ਤੇ ਟਿਕਾਉਂਦਾ ਰਹੇਂਗਾ।

***

## ਗ਼ਜ਼ਲ

ਵਾਂਗ ਤਮਾਸ਼ੇ ਦੇਖਣ ਜਿਹੜੇ।
ਉਹ ਵੀ ਲੋਕ ਨੇ ਦਰਦੀ ਮੇਰੇ।

ਇਕ ਤੇਰੇ ਹਿੱਸੇ ਦਾ ਸੂਰਜ,
ਮੇਰੇ ਘਰ ਵਿੱਚ ਪਿਆ ਹਨੇਰੇ।

ਤੇਰਾ ਸੂਰਜ ਮੋੜ ਦਿਆਂਗੀ
ਜਦ ਉੱਗਣੇ ਮੇਰੇ ਸੂਹੇ ਸਵੇਰੇ।

ਸਮਿਆਂ ਦੀ ਬੁੱਕਲ 'ਚ ਬਹਿ ਕੇ,
ਹੋਏ ਯਾਦ ਦੇ ਪੰਧ ਲੰਮੇਰੇ।

ਕਿਉਂ ਸਿਦਕਾਂ ਨੂੰ ਨਿੱਤ ਦਿਨ ਪਰਖੇਂ,
ਤੱਕ ਲੈ ਆ ਕੇ ਮੇਰੇ ਜੇਰੇ।

'ਸਿੰਮੀ' ਤੈਨੂੰ ਖੁਸ਼ੀਆਂ ਦੇਵੇ,
ਦੁੱਖਾਂ ਨੂੰ ਕਰ ਵਸੀਅਤ ਮੇਰੇ।

***

## ਗ਼ਜ਼ਲ

ਬੰਦਿਸ਼ਾਂ ਨਾ ਰੱਖ, ਤੇ ਬੋਲ-ਕੁਬੋਲ ਨਾ ਕਰ,
ਮੇਰੇ ਦਿਲ ਦਾ ਸੌਦੇ ਵਾਂਗ, ਤੋਲ-ਮੋਲ ਨਾ ਕਰ।

ਅਕਸਰ ਹੀ ਤੂੰ ਹੁੰਨੈ, ਸ਼ਾਮਾਂ ਦੀ ਰੰਗਤ ਵਿੱਚ
ਐਵੇਂ ਰਾਤ ਬਣ ਢਲਣ ਦਾ, ਜ਼ੋਰ ਨਾ ਕਰ।

ਜ਼ਖ਼ਮੀ ਹੋਇਆ ਸੀਨਾ, ਬੇਦਰਦ ਰਿਸ਼ਤਿਆਂ ਤੋਂ,
ਹਾਲੇ ਹੁਣੇ ਸੁੱਤੀ ਏ ਪੀੜ, ਤੂੰ ਸ਼ੋਰ ਨਾ ਕਰ।

ਬਹੁਤਾ ਚੁੱਪ ਨਾ ਰਹਿ ਤੇ ਗੱਲਾਂ ਨਾ ਕਰੀਂ ਜ਼ਿਆਦਾ
ਮੈਂ ਛੱਡ ਕੇ ਤੁਰ ਜਾਣਾ, ਏਨਾ ਬੋਰ ਨਾ ਕਰ।

ਇਹ ਬੇਅਰਥੇ ਜਿਹੇ ਦਿਨ ਤੇ ਬੇਅਰਥੀਆਂ ਰਾਤਾਂ
ਰਿਸ਼ਤੇ ਮਿਲੇ ਨਿਭਾਉਣ ਨੂੰ, ਤੂੰ ਕਮਜ਼ੋਰ ਨਾ ਕਰ।

ਫਰਕ ਮਹਿਸੂਸ ਕਰ, ਤੇਰੇ ਤੇ ਮੇਰੇ ਤਰਕ ਵਿੱਚ,
ਤੂੰ ਵਾਧੂ ਘਾਟੂ ਗੱਲਾਂ ਹੋਰ ਤੋਂ ਹੋਰ ਨਾ ਕਰ।

***

## ਗ਼ਜ਼ਲ

ਮੇਰੇ ਸੁਫ਼ਨੇ ਉੱਗਦੇ ਜਿਥੇ, ਉਹ ਜ਼ਮੀਨ ਬਾਕੀ ਹੈ।
ਮੈਨੂੰ ਤੇਰੇ ਉਗਮਣ ਦੀ, ਅਜੇ ਉਮੀਦ ਬਾਕੀ ਹੈ।

ਤੂੰ ਪਰਬਤ ਤੋਂ ਝਰਨਾ ਹੈ, ਬਰਫਾਂ ਵਾਂਗ ਕਦੇ,
ਮੈਂ ਦਰਿਆ ਬਣਨਾ ਹੈ, ਇਹ ਯਕੀਨ ਬਾਕੀ ਹੈ।

ਅਸੀਂ ਅੰਬਰ ਮਾਪਾਂਗੇ, ਆਪਣੀ ਇਬਾਦਤ ਨਾਲ,
ਬਸ ਦਿਲ 'ਚ ਇਹੀ ਖਾਬ, ਹਸੀਨ ਬਾਕੀ ਹੈ।

ਮੈਂ ਹੌਲੀ ਹੌਲੀ ਕਰ ਦਿੱਤਾ, ਤਨ-ਮਨ ਤੈਨੂੰ ਸਮਰਪਿਤ,
ਹੁਣ ਤਾਂ ਜਿਸਮ 'ਚ ਨਬਜ਼, ਕੋਈ ਮਹੀਨ ਬਾਕੀ ਹੈ।

ਛੇਤੀ ਈ ਇਸ ਉਮਰ ਦਾ, ਪੰਧ ਮੁੱਕ ਜਾਣਾ,
ਕੁਝ ਸੋਗੀ ਰਾਤਾਂ, ਕੁਝ ਦਿਨ ਗਮਗੀਨ ਬਾਕੀ ਹੈ।

***

## ਗ਼ਜ਼ਲ

ਓਡ ਲਵਾਂ ਤਵਾਰੀਖ, ਮੈਂ ਇਨ੍ਹਾਂ ਪੰਨਿਆਂ ਦੀ।
ਸੁਜਾਖਾ ਹੋ ਕੇ ਰੀਸ ਕਰਾਂ, ਕਿਉਂ ਅੰਨ੍ਹਿਆਂ ਦੀ?

ਮੋਹਲਤ ਮਿਲੀ ਤਾਂ ਆ ਜਾਵੀਂ, ਸਾਹਾਂ ਤੱਕ,
ਕਦੇ ਰੱਬ ਸੱਚਾ ਸੁਣਸੀ, ਚਿਰੀਂ ਵਿਛੁੰਨਿਆਂ ਦੀ।

ਦਾਗ ਤਾਂ ਬਹੁਤ ਨੇ, ਪਾਕ ਤੇਰੇ ਦਾਮਨ ਉੱਤੇ,
ਪਰ ਹਸਤੀ ਕਦੋਂ ਮਿਟਦੀ, ਮੰਨਿਆ ਪ੍ਰਮੰਨਿਆਂ ਦੀ।

ਮਨ ਦੀ ਕਿਸ਼ਤੀ ਦਾ ਮਲਾਹ, ਨਾ ਕੋਈ ਹੋਰ ਜਚੇ,
ਕੀ ਕਰੀਏ ਫਿਰ ਨਵੇਂ ਸਾਕ ਪਰੁੰਨਿਆ ਦੀ।

ਵਤਨ ਪਰਿੰਦੇ ਖੌਰੇ ਕਦ ਉਹ ਪਰਤਣਗੇ?
ਕਦ ਆਉਂਦੀ ਉਹ ਰਾਤ ਨੀਂ ਮਾਏ ਪੁੰਨਿਆ ਦੀ।

ਚਾਹੇ ਅੱਜ ਉਹ 'ਸਿੰਮੀ' ਰੱਬ ਬਣ ਬੈਠਾ ਹੈ,
ਫਰਿਆਦ ਸੁਣੇਗਾ ਕਦੇ, ਦੋਹੇ ਹੱਥ ਬੰਨ੍ਹਿਆ ਦੀ।

***

## ਗ਼ਜ਼ਲ

ਇਸ ਧਰਤੀ ਦੇ ਲੋਕ ਪਰਾਏ।
ਨਾ ਗਮਖਾਰ ਨਾ ਮੇਰੇ ਹਮਸਾਏ।

ਦੋਸਤ ਸੀ ਜੋ ਸਾਹਾਂ ਦਾ ਸਾਥੀ,
ਮੁੜ-ਮੁੜ ਹੁਣ ਉਹ ਚੇਤੇ ਆਏ।

ਹਾਸਿਲ ਹੈ ਬਸ ਇਕੋ ਪੀੜ,
ਉਸਦੀ ਦੂਰੀ ਜਿੰਦ ਨੂੰ ਖਾਏ।

ਪਰਬਤ, ਜੰਗਲ, ਬੇਲੇ ਲੱਭਦੀ,
ਪਰ ਉਹ ਮੈਨੂੰ ਨਜ਼ਰ ਨਾ ਆਏ।

ਅੰਬਰ ਨੀਲੋਂ ਲਾਲ ਹੋ ਗਿਆ,
ਉਸਨੇ ਜਜ਼ਬੇ ਕਤਲ ਕਰਾਏ...

ਜਿਸ ਧਰਤੀ 'ਤੇ ਉਹ ਵਸਦਾ ਹੈ,
ਉਥੇ ਮੈਨੂੰ ਕੌਣ ਲੈ ਜਾਏ...।

***

## ਕਿਥੇ ਚਾਅ ਨੇ ਗਏ

ਕੰਮਾਂ ਧੰਦਿਆਂ ਨੇ ਯਾਰ ਭੁਲਾਏ।
ਐਪਰ ਬੜੇ ਨੇ ਚੇਤੇ ਆਏ।

ਦਿਨ ਚੜ੍ਹਦੇ ਨੂੰ ਇਕੋ ਝੋਰਾ,
ਕੰਮਾਂ ਕਾਰਾਂ ਦਾ ਸਤਾਏ।

ਕਿਧਰ ਤੁਰ ਦਿਹਾੜੇ ਗਏ ਉਹ
ਜੋ ਸੱਜਣਾ ਦੇ ਨਾਲ ਬਿਤਾਏ।

ਖੁਸ਼ੀਆਂ ਕਿੱਥੇ ਗਰਕ ਹੋ ਗਈਆਂ
ਕਿੱਥੇ ਚਾਅ ਨੇ ਗਏ ਦਫਨਾਏ ?

ਕਿਉਂ ਨਾ ਮਿੱਤਰਾਂ ਸਾਰਾਂ ਲਈਆਂ,
ਕਿਉਂ ਨਾ ਟੁੱਟਣ ਬੰਦਸ਼ਾਂ ਮਾਏ ?

ਇਹ ਜੋ ਧਰਤੀ ਸੱਤ ਬੇਗਾਨੀ,
ਇਸਦੇ ਲੋਕ ਨੇ ਸੱਤ ਪਰਾਏ।

ਨਾ ਮੇਰਾ ਗਮਖਾਰ ਹੈ ਕੋਈ,
ਨਾ ਮੇਰਾ ਕੋਈ ਦਰਦ ਵੰਡਾਏ।

ਹਾਸੇ ਕਦੇ ਨਾ ਮੁੱਕਦੇ ਸੀ ਜੋ,
ਮੁੜ ਨਾ ਹੁਣ ਬੁੱਲਾਂ ਤੇ ਆਏ।

ਅੱਖਾਂ ਵਿੱਚ ਉਹ ਚਮਕ ਰਹੀ ਨਾ
ਕਾਲਾ ਦਾਇਰਾ ਵੱਧਦਾ ਜਾਏ।

ਮਾਂ ਇਹ ਝੋਰਾ ਹੱਡਾਂ ਨੂੰ ਕਿਉਂ
ਅੰਦਰੋ ਅੰਦਰ ਖਾਂਦਾ ਜਾਏ।

ਜਿਸਨੂੰ ਨਾਂ 'ਪ੍ਰੀਤ' ਮੈਂ ਦਿੱਤਾ
ਕਾਸ਼! ਕਦੇ ਉਹ ਪਰਤ ਕੇ ਆਏ।

***

## ਗ਼ਜ਼ਲ

ਮੂਰਖ ਏਂ, ਸਮਾਂ ਗਾਲ਼ਦਾ ਏਂ,
ਮੈਨੂੰ ਕਿਉਂ ਖਬਰਾਂ 'ਚੋਂ ਭਾਲਦਾ ਏਂ?

ਅਕਸ ਹਾਂ ਮੈਂ ਧੁੱਪਾਂ ਵਰਗਾ,
ਤੂੰ ਹੈਂ ਕਿ ਛਾਵਾਂ ਨਾਲਦਾ ਏਂ।

ਉਦਰੇਵੇਂ ਉੱਗ ਪੈਂਦੇ ਦਿਨ ਦੇ ਪਹਿਰ,
ਸ਼ਾਮ ਤੋਂ ਪਹਿਲਾਂ, ਜਦ ਦੀਵੇ ਬਾਲਦਾ ਏਂ।

ਸਵੇਰਿਆਂ ਦੀ ਆਮਦ, ਉਹਨਾਂ ਤੋਂ ਹੋਣੀ ਏ,
ਬੇਰੁੱਖੀ 'ਚ ਜਿਹੜੀਆਂ, ਰਾਤਾਂ ਸੰਭਾਲਦਾ ਏਂ।

ਜ਼ਿੰਦਗੀ ਦੀ ਕਸ਼ਮਕਸ਼ 'ਚ ਉਲਝਾ ਦੇਣਗੇ,
ਵਾਧੂ ਘਾਟੂ ਜੋ ਵੀ ਭਰਮ ਪਾਲਦਾ ਏਂ।

***

## ਮੇਰੇ ਗੀਤ

ਉਹਦੇ ਮੁਲਖ 'ਚ ਦਫਨਾ ਦਿਉ ਮੇਰੀ ਅਵਾਜ਼ ਨੂੰ,
ਮੇਰੀ ਮੌਤ ਬਾਦ ਉਗਮਣੇ, ਉਦਾਸ ਮੇਰੇ ਗੀਤ।

ਮਹਿਲਾਂ ਦੇ ਗੀਤ ਨੇ, ਝੁੱਗੀਆਂ ਦੇ ਗੀਤ ਨੇ,
ਦਿੰਦੇ ਨੇ ਤੇਰੇ ਦਿਲ ਨੂੰ, ਕਿੰਨਾ ਧਰਵਾਸ ਮੇਰੇ ਗੀਤ।

ਮੁੱਦਤ ਤੱਕ ਗੂੰਜੇ, ਤੇਰੇ ਸ਼ਹਿਰ ਦੇ ਹਰ ਕੋਨੇ,
ਦੱਸ ਕਿੱਦਾਂ ਮੁੜ ਜਾਣ, ਹੁਣ, ਬੇਆਸ ਮੇਰੇ ਗੀਤ।

ਹਰ ਵਾਰ ਰਿਸ਼ਤਿਆਂ ਨੇ, ਕਤਲ ਕੀਤੇ ਜਜ਼ਬੇ,
ਢੋਂਦੇ ਰਹੇ ਨੇ ਮੋਢੇ ਤੇ, ਉਹਨਾਂ ਦੀ ਲਾਸ਼ ਮੇਰੇ ਗੀਤ।

***

## ਗ਼ਜ਼ਲ

ਅੱਜ ਵੀ ਸਾਂਭ ਰੱਖੀ ਹੈ, ਤੇਰੀ ਆਖਿਰੀ ਨਿਸ਼ਾਨੀ,
ਕੁਝ ਯਾਦਾਂ, ਤਨਹਾਈਆਂ, ਕੁਝ ਅੱਖੀਆਂ ਦਾ ਪਾਣੀ।

ਤੂੰ ਹੋਣੀਆਂ ਤੋਂ ਪਿੱਛੋਂ, ਐਵੇਂ ਰੋਇਆ ਨਾ ਕਰ,
ਅਕਸਰ ਵਿਛੜ ਜਾਂਦੇ, ਇੱਥੇ ਫੁੱਲ ਤੇ ਟਾਹਣੀ।

ਸੰਜੋਗ ਤੇਰੇ ਮੇਰੇ ਨਾ ਇਸ ਜਨਮ ਸੀ ਮਿਲਣੇ,
ਨਾ ਇਸ ਜਨਮ ਸੀ ਟੁਰਨੀ, ਸਾਡੇ ਨਾਮ ਦੀ ਕਹਾਣੀ।

ਮੇਰੇ ਗਰਾਂ ਨੂੰ ਕਹਿ ਕੇ ਆਖਰੀ, ਅਲਵਿਦਾ ਤਾਂ ਤੁਰ ਗਿਆ
ਪਰ ਰੂਹ ਮੇਰੀ 'ਚ ਰੋਵੇ, ਉਹ ਰੂਹ ਮੇਰੀ ਦਾ ਹਾਣੀ।

***

## ਆਖਰੀ ਅਲਵਿਦਾ

ਲੋਕਾਂ ਦੀ ਨੀਅਤ ਵਿੱਚ,
ਕੁਝ ਫਰਕ ਵੀ ਆਇਆ ਏ,
ਕੁਝ ਆਪਣੇ ਵੀ ਕਰਕੇ
ਗਿਲਾ ਬਦਲੇ ਨੇ।

ਦੋਸਤੀ ਦਾ ਰਹੇ ਭਰਮ
ਤੇ ਖਾਰ ਵੀ ਨਿਕਲੇ,
ਇੰਝ ਕਰਕੇ ਯਾਰ ਮੈਥੋਂ,
ਫਾਸਲਾ ਬਦਲੇ ਨੇ।

ਹੁਣ ਕੌਣ ਚੁਗੇ ਪੱਥਰ,
ਤੇ ਕੌਣ ਫੁੱਲ ਵਿਛਾਵੇ?
ਮਹਿਬੂਬ ਮੇਰੇ ਘਰ ਦਾ,
ਰਸਤਾ ਬਦਲੇ ਨੇ।

ਸਿਜਦਾ ਵੀ ਨਾ ਹੋਇਆ,
ਸ਼ਿਕਵਾ ਵੀ ਨਾ ਹੋਇਆ।
ਉਹ ਕਹਿਕੇ ਸਿੰਮੀ ਨੂੰ ਆਖਿਰੀ
ਅਲਵਿਦਾ ਬਦਲੇ ਨੇ...

***

## ਅਦਨਾ ਜਿਹਾ ਬੰਦਾ

ਟੁਰਦਿਆਂ ਟੁਰਦਿਆਂ ਨੂੰ
ਅਚਾਨਕ
ਯਾਦ ਆਉਂਦੈ
ਕਿਤੇ ਉਹ
ਪਿੱਛੇ ਤਾਂ ਨਹੀਂ
ਰਹਿ ਗਿਆ
ਅਦਨਾ ਜਿਹਾ ਬੰਦਾ
ਜੋ ਬੇਹੋਸ਼ਾ ਜਿਹਾ
ਖਿਆਲ
ਦਿਲ 'ਚ ਦਬਾ ਕੇ
ਟੁਰਦਾ ਜਾ ਰਿਹੈ...
ਮਹਿਸੂਸ ਵੀ ਨਹੀਂ ਕਰਦਾ
ਪਰਬਤ
ਜੰਗਲ
ਮੈਦਾਨ
ਜਾਂ ਸਮੁੰਦਰ ਹੈ
ਬਸ ਰਾਹ ਲੋਚਦੈ
ਤੇ ਸੋਚਦਾ ਏ
ਖੁਦਕੁਸ਼ੀ ਕਰਨਾ
ਕਿੰਨਾ ਕੁ
ਬੁਜ਼ਦਿਲੀ ਵਾਲਾ
ਕੰਮ ਹੋਵੇਗਾ?
ਤੇ ਕਦੇ ਕਦੇ
ਤਾਰਿਆਂ ਨੂੰ
ਪੜ੍ਹਦਾ ਏ
ਨਸ ਜਾਂਦਾ ਏ
ਉਹਨਾਂ ਪਰਛਾਵਿਆਂ ਨਾਲ
ਜਿਥੋਂ ਵੀ
ਸੰਭਾਵੀ ਧੁੱਪ ਦੀ
ਉਹਨੂੰ ਉਮੀਦ

ਜਾਪਦੀ ਏ...
ਇੰਝ ਉਹ ਛੋਟਾ ਬੱਚਾ
ਬਣ ਜਾਂਦਾ ਏ
ਜੀਕਰ ਕੋਈ
ਮਮਤਾ ਭਰਿਆ ਹੱਥ
ਉਹ ਮੱਥੇ
ਟਿਕ ਜਾਏਗਾ
ਤੇ ਰੁਕ ਜਾਏਗਾ
ਫਿਰ ਮਾਂ ਦੀ
ਲੋਰੀ ਸੁਣਨ ਲਈ...
ਪਰ ਨਹੀਂ
ਹਰ ਬਾਰ
ਉਹਨੂੰ
ਜਾਪਦੈ
ਜਿਉਂ
ਘਾਹ ਤੇ ਪਈ
ਤ੍ਰੇਲ
ਤੇ ਉਦਰੇਵੇਂ ਘਰਾਂ ਦੇ
ਚਾਨਣ ਵਿੱਚ
ਬਹੁਤ ਫਰਕ ਨਹੀਂ...
ਉਹ ਤਾਂ ਬਸ ਐਵੇਂ ਈ
ਗੱਲਾਂ ਨੂੰ ਹਵਾ 'ਚ
ਛੱਡ-ਛੱਡ
ਮਨ ਬਹਿਲਾਉਂਦਾ ਏ...
ਤੇ ਆਪਣੀ
ਬੁਜ਼ਦਿਲੀ
ਛੁਪਾਉਣ ਦਾ
ਯਤਨ ਕਰਦਾ ਏ...

***

## ਗ਼ਜ਼ਲ

ਉਹ ਦੂਰ ਕਿਤੇ ਜਦ, ਸੁਪਨੇ ਬੀਜਣ ਜਾਏਗਾ,
ਸੋਚ ਆਪਣੀ ਲੋਕਾਂ ਤੋਂ, ਕਤਲ ਕਰਾਏਗਾ!

ਸਫ਼ਰਾਂ ਵਿੱਚ ਹੀ ਹਮਸਫ਼ਰ ਜੇ ਗੁੰਮ ਜਾਵੇ,
ਕਿੰਝ ਕੋਈ ਪਾਂਧੀ ਅਪਨਾ ਪੰਧ ਮੁਕਾਏਗਾ!

ਜਦ ਤੱਕ ਝੂਠ, ਕੁਫ਼ਰ ਤੇ ਫੋਕੇ ਰਿਸ਼ਤੇ ਨੇ,
ਫਿਰ ਏਸ ਸਦੀ 'ਚ ਸੱਚ ਨਾ ਕੋਈ ਉਠਾਏਗਾ!

ਕਿੰਝ ਕਹਾਣੀ ਟੁਰਨੀ ਏ ਇਹਨਾਂ ਇਤਿਹਾਸਾਂ ਦੀ,
ਉਹ ਜਦ ਰੋਗੀ ਅੱਖਰਾਂ ਦੀ ਗੱਲ ਸੁਣਾਏਗਾ!

***

## ਗ਼ਜ਼ਲ

ਉਸਦੀ ਦਹਿਲੀਜ ਤੇ, ਕੌਣ ਪਾਟੇ ਪਲ ਸਿਉਂਦਾ ਹੈ,
ਸੁਣਿਆ ਉਹ ਅੱਜਕੱਲ੍ਹ, ਸ਼ਰਮਿੰਦਗੀ 'ਚ ਜਿਉਂਦਾ ਹੈ!

ਉਤਾਰਦਾ ਹੈ ਲਫ਼ਜ, ਕਾਗਜ਼ ਦੀ ਨੀਂਹ ਦੇਖ ਕੇ,
ਕਦੇ-ਕਦੇ ਤਾਂ ਉਹ, ਪੱਥਰਾਂ 'ਚ ਥਿਆਉਂਦਾ ਹੈ!

ਉਸਦਾ ਮਾਨ ਨਾ ਟੁੱਟੇ, ਤੇ ਮੇਰੀ ਵੀ ਬਨੀ ਰਵੇ,
ਮੇਰੇ ਸਾਹਵੇਂ ਬਸ, ਏਨਾ ਕੁ ਨਿਉਂਦਾ ਹੈ!

ਖਾਮੋਸ਼ੀਆਂ ਦੇ ਦੌਰ, ਨਾ ਸੜਕਾਂ ਤੇ ਹੁਣ ਰਹੇ,
ਹਰ ਥਾਂ ਭੀੜ ਵਿੱਚ, ਹੁਣ ਤੂਫਾਨ ਕੋਈ ਆਉਂਦਾ ਹੈ।

ਤੂੰ ਵੀ ਪਾਕ ਸੀ, ਤੇ ਮੈਂ ਵੀ ਪਾਕ ਹਾਂ,
ਸਾਡੀ ਰੂਹ 'ਤੇ ਕੌਣ, ਦੋਸ਼ ਫਿਰ ਲਗਾਉਂਦਾ ਹੈ?

ਖੂਨ ਪੀਲਾ ਸਿੰਮੀ ਕਿਉਂ ਹੋ ਰਿਹੈ ਉਸਦਾ,
ਜਾਂ ਪੀਲੇ ਪੀਲੇ ਪੱਤਿਆਂ ਚੋਂ ਭਾਅ ਨੂੰ ਚੁਰਾਉਂਦਾ ਹੈ!

***

## ਰੱਬ ਦੀ ਨੀਲਾਮੀ

ਉਹ ਮੰਦਰ ਦੇ
ਸੰਖ ਵਿਚੋਂ ਵੀ
ਅਵਾਜ਼ਾਂ ਚੁਰਾ ਲੈਂਦੇ ਨੇ...
ਜਿਨ੍ਹਾਂ ਵਿੱਚ
ਭੋਲੇ ਭਾਲੇ ਲੋਕਾਂ ਦੀਆਂ
ਲੱਖਾਂ ਆਸਥਾਵਾਂ, ਦੁਆਵਾਂ
ਤੇ ਆਸਾਵਾਂ
ਸ਼ਾਮਿਲ ਹੁੰਦੀਆਂ ਨੇ...
ਰੱਬ ਨੂੰ ਵੀ ਵਿਕਾਊ
ਕਰ ਰੱਖਿਆ ਹੈ
ਮੁਲਕ ਦੇ ਕਿਸੇ ਕੋਨੇ
ਤੇ ਬੋਲੀਆਂ ਤੇ ਪਹੁੰਚਦੇ ਨੇ
ਵੱਡੇ ਵੱਡੇ ਸਰਮਾਏਦਾਰ...
ਤੇ ਰੱਬ ਵੀ
ਅੱਜਕੱਲ੍ਹ
ਖੁਸ਼ ਹੁੰਦੈ
ਉੱਚੀਆਂ ਬੋਲੀਆਂ 'ਤੇ
ਗਰੀਬ ਇਸ ਨੁਮਾਇਸ਼ ਨੂੰ
ਦੂਰੋਂ ਤੱਕਦੇ ਨੇ
ਤਾਂ ਹੀ
ਪੱਥਰਾਂ 'ਚ ਆਪਣੀ
ਆਸਥਾ ਰੱਖਦੇ ਨੇ...

***

## ਸੁੱਚੀ ਉਦਾਸੀ

ਤੇਰੀ ਖੁਸ਼ੀ 'ਚ ਕੈਸੀ ਰੰਗਤ,
ਵਿੱਚ ਮਿਲਾਵਟ ਹੋਊ ਤਰਾਸ਼ੀ,
ਇਹ ਤਾਂ ਸੁੱਚੇ ਮੋਤੀ ਵਰਗੀ,
ਕਿਉਂ ਫਿਰ ਦੇਵਾਂ ਤੈਨੂੰ ਉਦਾਸੀ...

ਕੁਝ ਕੁ ਅੱਖਰ ਤੂੰ ਵੀ ਰੱਖ,
ਕੁਝ ਤੂੰ ਕਾਗਜ਼ ਲਵੀਂ ਉਧਾਰੇ,
ਸ਼ਾਇਦ ਤੈਨੂੰ ਫਿਰ ਨਾ ਮਿਲਣੀ,
ਸ਼ਬਦਾਂ ਦੀ ਇਹ ਜੂਨ-ਚੁਰਾਸੀ...

ਰੂਹ ਦੇ ਪੰਨੇ ਬੇਸ਼ਕ ਪਾਟੇ,
ਨਾਲ ਜਮੀਰ ਵੀ ਲੀਰੋ ਲੀਰ
ਹਿੰਮਤ ਦੀ ਬਸ ਦਾਦ ਹੀ ਕਾਫੀ
ਤੇਰੇ ਗਮ ਪਾ ਜਾਣ ਖਲਾਸੀ...

ਕਿੰਝ ਭਲਾ ਮੈਂ ਮੰਨਾਂ 'ਸਿੰਮੀ'
ਦੀਨ, ਧਰਮ, ਈਮਾਨਾਂ ਨੂੰ,
ਹਰ ਇਕ ਘਰ ਦੇ ਬੂਹੇ ਅੱਗੇ,
ਦੌਲਤ ਦੇਖੋ ਖੂਨ ਦੀ ਪਿਆਸੀ...!!

***

## ਸ਼ਿਅਰ

ਅਕਸਰ ਈ ਮੈਂ ਬਣ ਜਾਨੀ ਆਂ
ਤੂਫ਼ਾਨ ਹਨੇਰੀ ਤੋਂ,
ਹੁਣ ਤਾਂ ਮੇਰੇ ਬਾਗੀ ਹੋਣ ਦੀਆਂ ਗੱਲਾਂ ਨੇ।

***